# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 3 (ਧਰਮ ਅਧਿਐਨ) ਸਮੈਸਟਰ ਛੇਵਾਂ

ਪੇਪਰ : ਸਿੱਖ ਸਿਧਾਂਤ ਅਤੇ ਸੰਸਥਾਵਾਂ ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 (ਏ) : ਅਕਾਲ ਪੁਰਖ

2.1 (ਬੀ) : ਸ੍ਰਿਸ਼ਟੀ-ਰਚਨਾ

2.2 : ਸ਼ਹਾਦਤ

2.3 (ਏ) : ਮੀਰੀ ਪੀਰੀ

2.3 (ਬੀ) : ਖਾਲਸਾ

2.4 (ਏ) : ਅਕਾਲ ਤਖਤ

2.4 (ਬੀ) : ਸਰਬੱਤ ਖਾਲਸਾ



**Department website : www.pbidde.org**

ਪਾਠ ਨੰ : 2.1 (ਏ)

# ਪਰਮ-ਸੱਤਾ ਦਾ ਸਰੂਪ

**ਭੂਮਿਕਾ** :

ਇਸ ਪਾਠ ਵਿਚ 'ਮੂਲ-ਮੰਤਰ' ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਪਣ ਅਤੇ ਸਾਰ-ਤੱਤ ਦੀ ਅਧਿਆਤਮਕ ਅਤੇ ਦਾਰਸ਼ਨਿਕ ਵਿਆਖਿਆ ਪੇਸ਼ ਕੀਤੀ ਗਈ ਹੈ। ਗੁਰਬਾਣੀ ਵਿਚ 'ਬ੍ਰਹਮ' ਦੇ ਸਰੂਪ ਨੂੰ ਮੂਲ-ਮੰਤਰ ਵਿਚ ਬੜੀ ਸਪੱਸ਼ਟਤਾ ਅਤੇ ਸਮੱਗਰਤਾ ਵਿਚ ਪੇਸ਼ ਕੀਤਾ ਗਿਆ ਹੈ।

ਪਰਮ-ਸੱਤਾ ਜਪੁਜੀ ਨਾਂ ਦੀ ਬਾਣੀ ਦੇ ਸ਼ੁਰੂ ਵਿਚ ਹੈ। ਇਸ ਵਿਚ ਕੁੱਲ 13 ਸ਼ਬਦ ਅਤੇ ਇਕ ਹਿੰਦਸਾ ਹੈ। ਇਨ੍ਹਾਂ 14 ਸ਼ਬਦਾਂ ਦੀ ਵਿਆਖਿਆ ਨਾਲ ਪਰਮ ਸੱਤਾ ਦਾ ਸਰੂਪ ਸਪੱਸ਼ਟ ਹੁੰਦਾ ਹੈ, ਕਿਉਂਕਿ ਇਹ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਪਰਮ ਸੱਤਾ ਦੀ ਸਥਿਤੀ, ਗੁਣ ਅਤੇ ਸਰੂਪ ਦੇ ਵਾਚਕ ਹਨ।

**੧** : ਓਅੰਕਾਰ ਤੋਂ ਪਹਿਲਾਂ ੧ ਅੰਕ ਵਰਤਿਆ ਗਿਆ ਹੈ। ਇਸ ਦੀ ਵਰਤੋਂ ਨਾਲ ਗੁਰੂ ਨਾਨਕ ਦੇਵ ਨੇ ਪਰਮਾਤਮਾ ਦੇ ਇਕ ਹੋਣ ਦੀ ਗੱਲ ਦੀ ਸਥਾਪਨਾ ਕੀਤੀ ਹੈ। ਉਪਨਿਸ਼ਦਾਂ ਵਿਚ ਓਅੰਕਾਰ (ਓ) ਸ਼ਬਦ, ਬ੍ਰਹਮ ਲਈ ਵਰਤਿਆ ਗਿਆ ਹੈ ਪਰ ਬਾਅਦ ਦੇ ਸਮੇਂ ਵਿਚ ਇਸ ਨੂੰ ਤਿੰਨ ਦੇਵਾਂ (ਬ੍ਰਹਮਾ, ਵਿਸ਼ਨੂੰ, ਮਹੇਸ਼) ਦਾ ਸੂਚਕ ਵੀ ਦੱਸਿਆ ਗਿਆ ਹੈ। ਅਜਿਹੀ ਸਥਾਪਨਾ ਨਾਲ ਪਰਮ-ਸੱਤਾ ਦੇ ਇਕ ਤੋਂ ਤਿੰਨ ਹੋਣ ਦੀ ਗੱਲ ਸਾਹਮਣੇ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਤੋਂ ਪਹਿਲਾਂ (ਇਕ) ੧ ਅੰਕ ਲਗਾ ਕੇ ਪਰਮ-ਸੱਤਾ ਦੇ ਸਰੂਪ ਨੂੰ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ। ਮੂਲ-ਮੰਤਰ ਤੋਂ ਇਲਾਵਾ ਹੋਰ ਵੀ ਅਨੇਕਾਂ ਥਾਵਾਂ ਤੇ ਪਰਮਾਤਮਾ ਦੇ ਇਕ ਹੋਣ ਦੀ ਗੱਲ ਗੁਰਮਤਿ ਅਨੁਸਾਰ ਸਥਾਪਿਤ ਹੋਈ ਹੈ। ਅਸਲ ਵਿਚ, ਸਭ ਕੁਝ ਉਹ ਆਪ ਪਰਮਾਤਮਾ ਹੀ ਹੈ, ਉਸ ਤੋਂ ਭਿੰਨ ਹੋਰ ਕੋਈ ਦੂਜੀ ਸ਼ਕਤੀ ਨਹੀਂ। ਇਸ ਸੰਬੰਧ ਵਿਚ ਗੁਰੂ ਸਾਹਿਬ ਨੇ ਲਿਖਿਆ ਹੈ ਕਿ :

1) ਦੂਜਾ ਕਉਣੁ ਕਹਾ ਨਹੀ ਕੋਈ।
ਸਭ ਮਹਿ ਏਕੁ ਨਿਰੰਜਨੁ ਸੋਈ। (ਪੰਨਾ 223)

2) ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈਂ ਸੁਣਿਆ। (ਪੰਨਾ 433)

**ਓਅੰਕਾਰ** : ਇਹ ਸ਼ਬਦ ਵੀ ਮੂਲ-ਮੰਤਰ ਵਿਚ ਬ੍ਰਹਮ ਦਾ ਵਾਚਕ ਹੈ। ਇਹ ਸ਼ਬਦ ਸੰਸਕ੍ਰਿਤ ਦਾ ਹੈ ਤੇ ਵੈਦਿਕ ਸਾਹਿਤ ਤੋਂ ਲੈ ਕੇ ਸੰਤ ਸਾਹਿਤ ਤਕ ਬ੍ਰਹਮ ਦੇ ਵਾਚਕ ਵਜੋਂ ਵਰਤਿਆ ਜਾ ਰਿਹਾ ਹੈ। ਓਅੰਕਾਰ ਦਾ ਅਰਥ ਹੈ 'ਸ਼ਬਦ', ਅਤੇ ਇਸ ਨਾਲ ਸ਼ਬਦ ਰੂਪ ਬ੍ਰਹਮ ਦੀ ਸਥਾਪਨਾ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਨਾਂ ਦੀ ਬਾਣੀ ਵਿਚ ਪਰਮ-ਸੱਤਾ ਦੀਆਂ ਸਾਰੀਆਂ ਸ਼ਕਤੀਆਂ ਦਾ ਆਰੋਪਣ 'ਓਅੰਕਾਰ' ਵਿਚ ਕਰਕੇ ਦੋਹਾਂ ਵਿਚ ਏਕਾਤਮਕਤਾ ਸਥਾਪਿਤ ਕੀਤੀ ਹੈ। ਗੁਰੂ ਜੀ ਅਨੁਸਾਰ ਓਅੰਕਾਰ ਤੋਂ ਬ੍ਰਹਮਾ ਦੀ ਉਤਪਤੀ ਹੋਈ ਹੈ। ਓਅੰਕਾਰ ਦਾ ਹੀ ਉਸ ਨੇ ਆਪਣੇ ਮਨ ਵਿਚ ਚਿੰਤਨ ਕੀਤਾ ਹੈ। ਓਅੰਕਾਰ ਤੋਂ ਪਰਬਤਾਂ ਅਤੇ ਵੇਦਾਂ ਦੀ ਰਚਨਾ ਹੋਈ ਹੈ। ਓਅੰਕਾਰ ਦੁਆਰਾ ਹੀ ਸੰਸਾਰ ਦਾ ਉਦਾਰ ਹੁੰਦਾ ਹੈ। ਇਹ ਸ਼ਬਦ ਤਿੰਨ ਲੋਕਾਂ ਦਾ ਸਾਰ ਤੱਤ ਹੈ

ਓਅੰਕਾਰਿ ਬ੍ਰਹਮਾ ਉਤਪਤਿ।
ਓਅੰਕਾਰੁ ਕੀਆ ਜਿਨਿ ਚਿਤਿ।
ਓਅੰਕਾਰਿ ਸੈਲ ਜੁਗ ਭਏ।
ਓਅੰਕਾਰਿ ਬੇਦ ਨਿਰਮਏ।
ਓਅੰਕਾਰਿ ਸਬਦਿ ਉਧਰੇ।

ਓਅੰਕਾਰਿ ਗੁਰਮੁਖਿ ਤਰੇ।
ਓਨਮ ਅਖਰ ਸੁਣਹੁ ਬੀਚਾਰੁ।
ਓਨਮ ਅਖਰੁ ਤ੍ਰਿਭਵਣ ਸਾਰੁ। (ਪੰਨਾ 929-30)

ਓਅੰਕਾਰ ਸਭ ਤੋਂ ਨਿਰਾਲਾ ਅਤੇ ਵਿਲੱਖਣ ਤੱਤ ਹੈ। ਇਹ ਅਮਰ ਅਤੇ ਅਜੋਨੀ ਹੈ। ਨਾ ਇਸ ਦੀ ਕੋਈ ਜਾਤ ਹੈ ਅਤੇ ਨਾ ਹੀ ਸੰਸਾਰਕ ਪ੍ਰਪੰਚ ਦਾ ਮਾਇਆ ਜਾਲ ਇਸ ਨੂੰ ਆਪਣੇ ਵਸ ਵਿਚ ਕਰ ਸਕਦਾ ਹੈ। ਇਹ ਅਗਮ ਅਤੇ ਅਗੋਚਰ ਹੈ। ਨਾ ਇਸ ਦਾ ਰੂਪ ਹੈ ਅਤੇ ਨਾ ਰੇਖਾ ਹੈ। ਖੋਜਣ ਤੇ ਇਹ ਘਟ-ਘਟ ਵਿਚ ਮੌਜੂਦ ਮਿਲਦਾ ਹੈ :

ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤਿ ਨ ਜਾਲਾ।
ਅਗਮ ਅਗੋਚਰੁ ਰੂਪੁ ਨ ਰੇਖਿਆ। ਖੋਜਤ ਖੋਜਤ ਘਟਿ ਘਟਿ ਦੇਖਿਆ। (ਪੰਨਾ 838)

**ਸਤਿਨਾਮ** : ਸਤਿਨਾਮ ਦਾ ਅਰਥ ਹੈ ਉਹ ਪਾਰਬ੍ਰਹਮ ਜੋ ਸਦਾ ਮੌਜੂਦ ਅਤੇ ਸਥਿਰ ਹੈ। ਇਸੇ 'ਨਾਮ' ਨੂੰ ਭਾਈ ਕਾਨ੍ਹ ਸਿੰਘ ਨੇ ਇਦੰਤਾ ਬੋਧਕ ਲਿਖਿਆ ਹੈ ਅਤੇ 'ਸਤਿ' ਨੂੰ ਪਰਮਾਤਮਾ ਦਾ ਵਾਚਕ ਮੰਨਿਆ ਹੈ। 'ਸਤਿ' ਤੋਂ ਭਾਵ ਹੈ ਜੋ ਸਦਾ ਮੌਜੂਦ ਰਹੇ, ਕਦੇ ਨਾਸ਼ ਨਾ ਹੋਵੇ। ਸੰਸਾਰ ਨਾਸ਼ਮਾਨ ਹੈ। ਇਸ ਦੀ ਸਥਿਤੀ ਸਦਾ ਇਕ ਸਮਾਨ ਨਹੀਂ ਰਹਿੰਦੀ ਇਸ ਲਈ ਇਹ ਅਸਤਿ ਹੈ। ਪਰਮ ਸੱਤਾ ਸਦਾ ਕਾਇਮ ਰਹਿੰਦੀ ਹੈ। ਇਸ ਲਈ ਉਹ ਸਤਿ ਹੈ।

ਸ਼ੰਕਰਾਚਾਰਯ ਨੇ 'ਸਤਿ' ਉਸ ਨੂੰ ਕਿਹਾ ਹੈ ਜੋ ਸਾਰੀਆਂ ਅਵਸਥਾਵਾਂ ਵਿਚ ਆਪਣੇ ਇਕੋ ਰੂਪ ਵਿਚ ਕਾਇਮ ਰਹਿੰਦਾ ਹੈ। ਕਬੀਰ ਜੀ ਨੇ ਵੀ ਕਿਹਾ ਹੈ ਕਿ ਸਦਾ ਸਥਿਰ ਰਹਿਣ ਵਾਲਾ ਹੀ ਸਤਿ ਨਾਮ ਨਾਲ ਯਾਦ ਕੀਤਾ ਜਾ ਸਕਦਾ ਹੈ। ਜੋ ਪੈਦਾ ਹੁੰਦਾ ਹੈ ਅਤੇ ਨਸ਼ਟ ਹੋ ਜਾਂਦਾ ਹੈ, ਉਹ ਅਸਤਿ ਹੈ :

ਸਾਚ ਸੋਇ ਜੋ ਥਿਰਹ ਰਹਾਈ।
ਉਪਜੈ ਬਿਨਸੈ ਝੂਠ ਹਵੈ ਜਾਈ।

ਸਪੱਸ਼ਟ ਹੈ ਕਿ ਸੰਸਾਰ ਨਾਸ਼ਮਾਨ ਹੈ ਅਤੇ ਪਰਮ-ਸੱਤਾ ਨਾਸ਼ਵਾਨ ਨਹੀਂ ਹੈ। ਇਸੇ ਲਈ ਉਹ ਸਤਿ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਤਿ ਸ਼ਬਦ ਦਾ ਕਈਆਂ ਥਾਵਾਂ ਤੇ ਵਿਸ਼ਲੇਸ਼ਣ ਕੀਤਾ ਹੈ। 'ਜਪੁਜੀ' ਦੇ ਪਹਿਲੇ ਸਲੋਕ ਵਿਚ ਹੀ ਗੁਰੂ ਜੀ ਦੱਸਦੇ ਹਨ ਕਿ ਉਹ ਸਤਿ ਸਰੂਪ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਮੌਜੂਦ ਸੀ। ਯੁੱਗ ਦੇ ਆਰੰਭ ਵੇਲੇ ਵੀ ਉਹ ਸਥਿਤ ਸੀ ਉਹ ਹੁਣ ਵਰਤਮਾਨ ਵਿਚ ਹੈ ਅਤੇ ਭਵਿੱਖ ਵਿਚ ਵੀ ਮੌਜੂਦ ਰਹੇਗਾ :

ਆਦਿ ਸਚੁ ਜੁਗਾਦਿ ਸਚੁ।।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।। (ਪੰਨਾ 1)

ਜਪੁਜੀ ਦੀ 27 ਵੀਂ ਪਉੜੀ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਪਰਮਾਤਮਾ ਸਦਾ ਕਾਇਮ ਹੈ। ਉਹ ਭੂਤ, ਵਰਤਮਾਨ ਅਤੇ ਭਵਿੱਖ ਵਿਚ ਇਕ ਸਮਾਨ ਰਹਿਣ ਵਾਲੀ ਸੱਤਾ ਹੈ। ਜਿਸ ਪਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਉਹ ਨਾ ਹੁਣ ਨਸ਼ਟ ਹੋ ਸਕਦਾ ਹੈ ਅਤੇ ਨਾ ਹੀ ਭਵਿੱਖ ਵਿਚ ਨਸ਼ਟ ਹੋਵੇਗਾ, ਅਰਥਾਤ ਉਹ ਨਾਸ਼ ਨੂੰ ਪ੍ਰਾਪਤ ਨਹੀਂ ਹੋਵੇਗਾ :

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ। (ਪੰਨਾ 347)

ਇਹ ਸਚੁ ਕਦੀ ਪੁਰਾਣਾ ਨਹੀਂ ਹੁੰਦਾ, ਸਦਾ ਨਵੀਨ ਰਹਿਣ ਵਾਲਾ ਹੈ। ਇਸ ਨਾਲ ਜਦੋਂ ਇਕ ਵਾਰ ਸੰਬੰਧ ਸਥਾਪਿਤ ਹੋ ਜਾਂਦਾ ਹੈ ਤਾਂ ਫਿਰ ਵਿਛੋੜਾ ਨਹੀਂ ਹੁੰਦਾ। ਉਹ ਉਦੋਂ ਤਕ ਹੀ ਜਗਿਆਸੂ ਨੂੰ ਅਨੁਭਵ ਹੁੰਦਾ ਹੈ ਜਦੋਂ ਤਕ ਉਹ ਉਸ ਦੀ ਅਰਾਧਨਾ ਕਰਦਾ ਰਹਿੰਦਾ ਹੈ :

ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨ ਪਾਟੈ।
ਨਾਨਕ ਸਾਹਿਬੁ ਸਚੋ ਸਾਚਾ, ਤਿਚਰੁ ਜਾਪੀ ਜਾਪੈ। (ਪੰਨਾ 955-56)

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸਭ ਥਾਈਂ 'ਸਤਿ' ਜਾਂ 'ਸੱਚ' ਸ਼ਬਦ ਪਰਮਾਤਮਾ ਦੇ ਵਾਚਕ ਵਜੋਂ ਵਰਤਿਆ ਗਿਆ ਹੈ। ਗੁਰੂ ਜੀ ਅਨੁਸਾਰ, ਸਤਿ ਸਰੂਪ ਪਰਮਾਤਮਾ ਸੱਚਾ ਹੈ, ਉਸ ਤੋਂ ਭਿੰਨ ਹੋਰ ਕੋਈ ਦੂਜਾ ਨਹੀਂ ਹੈ। ਉਸ ਨੇ ਹੀ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ ਅਤੇ ਉਹ ਹੀ ਇਸ ਦਾ ਵਿਕਾਸ ਕਰਦਾ ਹੈ

ਸਾਚਾ ਸਚੁ ਸੋਈ ਅਵਰੁ ਨ ਕੋਈ।
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ। (ਪੰਨਾ 1020)

ਉਸ ਤੋਂ ਬਿਨਾਂ ਭਵਸਾਗਰ ਨਹੀਂ ਤਰਿਆ ਜਾ ਸਕਦਾ।

ਸਚੁ ਬਿਨੁ ਭਵਜਲੁ ਜਾਇ ਨਾ ਤਰਿਆ। (ਪੰਨਾ 1041)

ਗੁਰੂ ਨਾਨਕ ਦੇਵ ਤੋਂ ਬਾਅਦ ਦਸਮ ਗੁਰੂ ਸਾਹਿਬਾਨ ਨੇ ਵੀ ਸਤਿ/ਸੱਚ ਨੂੰ ਪਰਮਾਤਮਾ ਦਾ ਵਾਚਕ ਮੰਨਿਆ ਹੈ। ਇਹ ਨਾਂ ਬਹੁਤ ਮਹੱਤਵਪੂਰਣ ਅਤੇ ਅਤਿਅੰਤ ਪੁਰਾਤਨ ਹੈ। ਇਸ ਤੋਂ ਬਿਨਾਂ ਜੀਭ ਦੁਆਰਾ ਕਥਨ ਕੀਤੇ ਹੋਰ ਨਾਮ ਬਨਾਵਟੀ ਹਨ, ਵਾਸਤਵਿਕਤਾ ਦਾ ਸਹੀ ਬੋਧ ਨਹੀਂ ਕਰਾ ਸਕਦੇ :

ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿਨਾਮੁ ਤੇਰਾ ਪਰਾ ਪੂਰਬਲਾ।। (ਪੰਨਾ 1083)

ਸੱਚ ਤਾਂ ਇਹ ਹੈ ਕਿ ਪਰਮਾਤਮਾ ਦਾ ਅਸਲੀ ਨਾਂ ਤਾਂ ਹੈ ਹੀ ਸੱਚ :

'ਤੇਰਾ ਸਚੁ ਨਾਮੁ ਪਰਮੇਸਰਾ।' (ਪੰਨਾ 1168)

**ਕਰਤਾ ਪੁਰਖ** : ਇਹ ਸ਼ਬਦ-ਜੁਟ ਵੀ ਪਰਮ-ਸੱਤਾ ਦਾ ਵਾਚਕ ਹੈ। ਗੁਰੂ ਜੀ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਪੁਰਖ-ਰੂਪ ਹੈ। ਇਸ ਨੂੰ 'ਆਦਿ-ਪੁਰਖ' ਵੀ ਕਿਹਾ ਗਿਆ ਹੈ। ਪਰਮ ਤੱਤ ਦੀ ਪੁਰਸ਼-ਰੂਪ ਵਿਚ ਪਹਿਲੀ ਵਾਰ 'ਰਿਗ ਵੇਦ' ਦੇ 'ਪੁਰਸ਼ ਸੂਕਤ' ਵਿਚ ਕਲਪਨਾ ਕੀਤੀ ਗਈ ਹੈ। ਇੱਥੇ ਕਿਹਾ ਗਿਆ ਹੈ ਕਿ ਉਸ ਪੁਰਸ਼ ਦੇ ਹਜ਼ਾਰ ਮਸਤਕ ਹਨ, ਹਜ਼ਾਰ ਨੇਤਰ ਹਨ, ਹਜ਼ਾਰ ਪੈਰ ਹਨ। ਉਹ ਸਾਰੀ ਸ੍ਰਿਸ਼ਟੀ ਵਿਚ ਵਿਆਪਤ ਹੈ। ਜੋ ਕੁਝ ਮੌਜੂਦ ਹੈ ਅਤੇ ਜੋ ਕੁਝ ਭਵਿਸ਼ ਵਿਚ ਹੋਵੇਗਾ, ਉਹ ਸਭ ਉਹੀ ਪੁਰਸ਼ ਹੈ। ਉਹ ਅਮਰਤਾ ਦਾ ਸੁਆਮੀ ਹੈ। ਜਿਤਨੇ ਅੰਨ ਨਾਲ ਪਲਣ ਵਾਲੇ ਜੀਅ ਹਨ, ਉਨ੍ਹਾਂ ਸਾਰਿਆਂ ਵਿਚ ਉਹ ਵਿਆਪਤ ਹੈ। ਉਹੀ ਚੌਹਾਂ ਪਾਸੇ ਅਤੇ ਚਰ-ਅਚਰ ਵਿਸ਼ਵ ਵਿਚ ਵਿਆਪਤ ਹੈ। ਕਹਿਣ ਤੋਂ ਭਾਵ ਇਹ ਹੈ ਕਿ ਸਾਰੇ ਜੜ੍ਹ-ਚੇਤਨ ਪਦਾਰਥ, ਦੇਵੀ ਦੇਵਤਾ ਸੰਪੂਰਣ ਵਿਸ਼ਵ ਵਿਚ ਵਿਆਪਤ ਸਭ ਕੁਝ ਇਸ ਪੁਰਸ਼ ਦਾ ਹੀ ਅੰਗ ਹਨ।

ਉਪਨਿਸ਼ਦਾਂ ਵਿਚ ਵੀ ਪੁਰਸ਼ ਦੇ ਸਿਧਾਂਤ ਦੀ ਸਥਾਪਨਾ ਹੋਈ ਹੈ। ਗੀਤਾ ਵਿਚ ਪੁਰਸ਼ੋਤਮ ਨੂੰ ਪਰਮ-ਸੱਤਾ ਦਾ ਵਾਚਕ ਦੱਸਿਆ ਗਿਆ ਹੈ। ਸਾਂਖਵਾਦੀਆਂ ਨੇ ਵੀ ਪੁਰਸ਼ ਅਤੇ ਪ੍ਰਕ੍ਰਿਤੀ ਦੀ ਕਲਪਨਾ ਕੀਤੀ ਹੈ। ਪਰ ਉੱਥੇ ਪ੍ਰਕ੍ਰਿਤੀ ਦੇ ਗਤੀਸ਼ੀਲ ਅਥਵਾ ਕ੍ਰਿਆਸ਼ੀਲ ਹੋਣ ਨਾਲ ਅਤੇ ਪੁਰਸ਼ ਦੇ ਸੰਯੋਗ ਨਾਲ ਸ੍ਰਿਸ਼ਟੀ ਦੀ ਰਚਨਾ ਹੁੰਦੀ ਦੱਸੀ ਗਈ ਹੈ। ਇਸ ਸਿਧਾਂਤ ਦਾ ਗੁਰਬਾਣੀ ਵਿਚ ਖੰਡਨ ਹੋਇਆ ਹੈ। ਗੁਰਬਾਣੀ ਵਿਚ ਕਰਤਾ ਕੇਵਲ ਪਰਮਾਤਮਾ ਹੈ, ਉੱਥੇ ਪ੍ਰਕ੍ਰਿਤੀ ਦਾ ਮਹੱਤਵ ਗੌਣ ਹੈ। ਉਸ ਦਾ ਨਿਰਮਾਤਾ ਪੁਰਖ ਹੈ ਅਤੇ ਪ੍ਰਕ੍ਰਿਤੀ ਪੁਰਖ ਅਧੀਨ ਹੈ। 'ਮਾਝ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :

ਤੂ ਕਰਤਾ ਪੁਰਖੁ ਅਗੰਮੁ ਹੈ ਆਪ ਸ੍ਰਿਸਟੀ ਉਪਾਤੀ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।
ਤੂ ਜਾਣਹਿ ਜਿਨਿ ਉਪਾਈਐ ਸਭ ਖੇਲੁ ਤੁਮਾਤੀ। (ਪੰਨਾ 1291)

ਪਰਮਾਤਮਾ ਸ੍ਰਿਸ਼ਟੀ ਦਾ ਕੇਵਲ ਕਰਤਾ ਹੀ ਨਹੀਂ ਸੰਘਾਰਕ ਵੀ ਹੈ। ਉਹ ਜਿੱਥੇ ਸ੍ਰਿਸ਼ਟੀ ਦੀ ਸਿਰਜਨਾ ਕਰਦਾ ਹੈ, ਉੱਥੇ ਉਸ ਨੂੰ ਨਸ਼ਟ ਕਰ ਕੇ ਆਪਣੇ ਵਿਚ ਵਿਲੀਨ ਵੀ ਕਰ ਲੈਂਦਾ ਹੈ ਅਤੇ ਫਿਰ ਤੋਂ ਉਸ ਦੀ

ਰਚਨਾ ਕਰਦਾ ਹੈ। ਅਜਿਹਾ ਕਰਨ ਦੇ ਸਮਰੱਥ ਹੋਰ ਕੋਈ ਦੂਜੀ ਸ਼ਕਤੀ ਨਹੀਂ ਹੈ।

ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ।
ਤਿਸੁ ਬਿਨੁ ਦੂਜਾ ਅਵਰੁ ਨ ਕੋਈ। (ਪੰਨਾ 355)

ਸਾਂਖਵਾਦੀ ਪੁਰਸ਼ ਨੂੰ ਇਕ ਨਹੀਂ, ਅਨੇਕ ਮੰਨਦੇ ਹਨ, ਪਰ ਗੁਰਬਾਣੀ ਅਨੁਸਾਰ ਪੁਰਸ਼ ਕੇਵਲ ਇਕ ਹੈ, ਬਾਕੀ ਸਭ ਉਸ ਦੇ ਅਧੀਨ ਹਨ, ਅਰਥਾਤ ਬਾਕੀ ਸਭ ਉਸ ਦੀਆਂ ਨਾਰੀਆਂ ਹਨ (ਠਾਕੁਰ ਏਕੁ ਸਬਾਈ ਨਾਰਿ)। ਪਰ ਗੁਰੂ ਜੀ ਨੇ ਨਾਰੀਆਂ (ਮਨੁੱਖਾਂ) ਦੀ ਕੋਈ ਸੁਤੰਤਰ ਹੋਂਦ ਨਹੀਂ ਮੰਨੀ ਅਤੇ ਨਾ ਹੀ ਇਨ੍ਹਾਂ ਦੀ ਉਤਪਤੀ ਕਿਸੇ ਹੋਰ ਸਰੋਤ ਤੋਂ ਸੰਭਵ ਹੈ। ਅਸਲ ਵਿਚ ਇਹ ਸਭ ਕੁਝ ਉਸ ਪਰਮ-ਸੱਤਾ (ਪੁਰਖ) ਦਾ ਹੀ ਪਸਾਰਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:

ਆਪੇ ਪੁਰਖੁ ਆਪੇ ਹੀ ਨਾਰੀ।
ਆਪੇ ਪਾਸਾ ਆਪੇ ਸਾਰੀ।
ਆਪੇ ਪਿੜ ਬਾਧੀ ਜਗੁ ਖੇਲੈ।
ਆਪੇ ਕੀਮਤਿ ਪਾਈ ਹੇ। (ਪੰਨਾ 1020)

ਉਂਝ ਗੁਰੂ ਜੀ ਨੇ ਧਨਾਸਰੀ ਰਾਗ ਵਿਚ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਕਿਸੇ ਲਿੰਗ ਨਾਲ ਸੰਬੰਧਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਨ ਉਹ ਇਸਤਰੀ ਹੈ, ਨ ਹੀ ਪੁਰਸ਼। ਉਸ ਦੇ ਸਰੂਪ ਸੰਬੰਧੀ ਕੋਈ ਕੁਝ ਨਹੀਂ ਕਹਿ ਸਕਦਾ। ਤਿੰਨੇ ਲੋਕ ਉਸ ਦੇ ਧਿਆਨ ਵਿਚ ਲਗੇ ਹੋਏ ਹਨ। ਕੀ ਦੇਵਤਾ, ਕੀ ਮਨੁੱਖ ਅਤੇ ਸੁਰ ਨਾਥ ਸਭ ਉਸ ਦੀ ਸ਼ਰਨ ਵਿਚ ਪਏ ਹਨ :

ਸੁੰਨ ਮੰਡਲ ਇਕੁ ਜੋਗੀ ਬੈਸੇ।
ਨਾਰਿ ਨ ਪੁਰਖੁ ਕਹਹੁ ਕੋਊ ਕੈਸੇ।
ਤ੍ਰਿਭਵਣ ਜੋਤਿ ਰਹੇ ਲਿਵ ਲਾਈ।
ਸੁਰਿ ਨਰ ਨਾਥ ਸਚੇ ਸਰਣਾਈ। (ਪੰਨਾ 685)

ਕਰਤਾ-ਪੁਰਖ ਦੇ ਅਵਿਅਕਤ ਨਿਰਗੁਣ ਸਰੂਪ ਨੂੰ ਸਪੱਸ਼ਟ ਕਰਦਿਆਂ ਗੁਰੂ ਨਾਨਕ ਦੇਵ ਨੇ ਆਸਾ ਰਾਗ ਵਿਚ ਕਿਹਾ ਹੈ :

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ।
ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ।
ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ।
ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ। (ਪੰਨਾ 437)

ਉਸ ਪੁਰਖ ਨੂੰ ਗੁਰੂ ਨਾਨਕ ਦੇਵ ਨੇ ਸਾਰੀ ਸ੍ਰਿਸ਼ਟੀ ਵਿਚ ਰਮ ਰਿਹਾ ਦੱਸਿਆ ਹੈ ('ਕਿਸ ਤੂੰ ਪੁਰਖੁ ਜੋਰੁ ਕਉਣ ਕਹੀਐ ਨਿਰੰਤਰਿ ਰਵਿ ਰਹਿਆ) ਵਿਉਤਪੱਤੀ ਦੇ ਆਧਾਰ ਤੇ ਪੁਰਸ਼ ਦਾ ਇਕ ਅਰਥ ਭਰਿਆ ਪੂਰਿਆ ਵੀ ਬਣਦਾ ਹੈ। ਇਕ ਹੋਰ ਢੰਗ ਨਾਲ ਕੀਤੀ ਵਿਉਤਪੱਤੀ ਅਨੁਸਾਰ ਪੁਰਸ਼ ਦੀ ਸਭ ਵਿਚ ਸਥਿਤੀ ਜਾਂ ਮੌਜੂਦਗੀ ਵੀ ਮੰਨੀ ਗਈ ਹੈ। ਇਨ੍ਹਾਂ ਦੋਹਾਂ ਵਿਉਤਪੱਤੀਆਂ ਦੇ ਆਧਾਰ ਤੇ ਪਰਮਾਤਮਾ ਨੂੰ ਪੁਰਸ਼ ਕਹਿਣਾ ਸਹੀ ਪ੍ਰਤੀਤ ਹੁੰਦਾ ਹੈ।

ਗੁਰੂ ਨਾਨਕ ਦੇਵ ਦੁਆਰਾ ਵਰਣਿਤ ਪੁਰਸ਼/ਪੁਰਖ ਕੇਵਲ ਸ੍ਰਿਸ਼ਟੀ ਦਾ ਕਰਤਾ ਹੀ ਨਹੀਂ ਸੰਚਾਲਕ ਵੀ ਹੈ। ਪਰਮਾਤਮਾ ਨੇ ਆਪਣੇ ਮਨੋਰੰਜਨ ਲਈ ਜਦ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਉਸ ਦੇ ਵਾਸਤਵਿਕ ਭੇਦ ਦੀ ਪਛਾਣ ਅਤੇ ਉਸ ਦਾ ਸੰਚਾਲਨ ਆਪਣੇ ਹੱਥ ਵਿਚ ਰਖਿਆ ਹੈ। ਧਰਤੀ ਅਤੇ ਆਕਾਸ਼ ਨੂੰ ਵੱਖ-ਵੱਖ ਕਰਕੇ ਬਿਨ੍ਹਾਂ ਥੰਮ੍ਹਾਂ ਦੇ ਗਗਨ ਨੂੰ ਸਥਿਤ ਕੀਤਾ ਹੋਇਆ ਹੈ :

ਆਪਿ ਉਪਾਇਆ ਜਗਤੁ ਸਬਾਇਆ।
ਜਿਨਿ ਸਿਰਿਆ ਤਿਨਿ ਧੰਧੈ ਲਾਇਆ।
ਸਚੈ ਊਪਰਿ ਅਵਰ ਨ ਦੀਸੈ।
ਸਾਚੇ ਕੀਮਤਿ ਪਾਈ ਹੇ। (ਪੰਨਾ 1022-23)

ਪਰਮਾਤਮਾ ਸ੍ਰਿਸ਼ਟੀ ਦਾ ਕਰਤਾ ਅਤੇ ਸੰਚਾਲਕ ਹੀ ਨਹੀਂ, ਅਦਭੁਤ ਕਰਮਾ ਵੀ ਹੈ। ਉਹ ਅਸੰਭਵ ਨੂੰ ਸੰਭਵ ਬਣਾ ਸਕਦਾ ਹੈ। ਜੇ ਚਾਹੇ ਤਾਂ ਸ਼ੇਰਾਂ, ਬਾਜ਼ਾਂ, ਸ਼ਿਕਾਰਿਆਂ ਅਤੇ ਕੁਹੀਆਂ ਕੁੱਤਿਆਂ ਵਰਗੇ ਮਾਸਾਹਾਰੀ ਪਸ਼ੂਆਂ ਅਤੇ ਪੰਛੀਆਂ ਨੂੰ ਘਾਹ ਖਵਾ ਸਕਦਾ ਹੈ। ਘਾਹ ਖਾਣ ਵਾਲਿਆਂ ਨੂੰ ਮਾਸਾਹਾਰੀ ਬਣਾ ਸਕਦਾ ਹੈ। ਨਦੀਆਂ ਵਿਚ ਟਿੱਬੇ ਵਿਖਾ ਸਕਦਾ ਹੈ ਅਤੇ ਥਲਾਂ ਨੂੰ ਅਥਾਹ ਸਾਗਰਾਂ ਵਿਚ ਬਦਲ ਸਕਦਾ ਹੈ। ਕੀੜਿਆਂ ਨੂੰ ਬਾਦਸ਼ਾਹੀ ਦੇ ਸਕਦਾ ਹੈ ਅਤੇ ਲਸ਼ਕਰਾਂ ਨੂੰ ਮਿੱਟੀ ਵਿਚ ਮਿਲਾ ਸਕਦਾ ਹੈ। ਸੁਆਸ ਲੈਣ ਵਾਲਿਆਂ ਨੂੰ ਬਿਨਾਂ ਸੁਆਸਾਂ ਦੇ ਜੀਵਿਤ ਰੱਖ ਸਕਦਾ ਹੈ। ਅਸਲ ਵਿਚ, ਜਿਵੇਂ ਉਸ ਨੂੰ ਚੰਗਾ ਲੱਗਦਾ ਹੈ ਉਸੇ ਤਰ੍ਹਾਂ ਹੀ ਉਹ ਰੋਜ਼ੀ ਦਿੰਦਾ ਹੈ। ਸੱਚ ਤਾਂ ਇਹ ਹੈ ਕਿ ਉਹ ਕਰਤਾ ਪੁਰਖ ਸਭ ਕੁਝ ਕਰਨ ਦੀ ਸ਼ਕਤੀ ਰੱਖਦਾ ਹੈ :

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ।
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ।
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ।
ਨਾਨਕ ਜਿਉ ਜਿਉ ਸਚੇ ਭਾਵੈ ਤਿਉਂ ਤਿਉਂ ਦੇਇ ਗਿਰਾਹ। (ਪੰਨਾ 144)

**ਨਿਰਭਉ** : ਪਰਮਾਤਮਾ ਨਿਰਭਉ ਹੈ। ਨਿਰਭਉ ਦਾ ਅਰਥ ਹੈ ਭੈਅ ਦੀਆਂ ਸੀਮਾਵਾਂ ਤੋਂ ਪਰੇ। ਭੈਅ ਤੋਂ ਉਹੀ ਰਹਿਤ ਅਥਵਾ ਪਰੇ ਹੋ ਸਕਦਾ ਤੇ ਜੋ ਸਰਵ-ਸ਼ਕਤੀਮਾਨ ਹੋਵੇ, ਜਿਸ ਨੂੰ ਕਿਸੇ ਦਾ ਡਰ ਨ ਹੋਵੇ। ਜਿਸ ਨੂੰ ਕਿਸੇ ਦਾ ਭੈਅ ਹੋਵੇ, ਜਾਂ ਜਿਸ ਦੀ ਸ਼ਕਤੀ ਦੇ ਉੱਪਰ ਕਿਸੇ ਹੋਰ ਦੀ ਸ਼ਕਤੀ ਹੋਵੇ, ਉਹ ਭੈਅ-ਯੁਕਤ ਹੁੰਦਾ ਹੈ, ਭੈਅ-ਮੁਕਤ ਨਹੀਂ। ਪਰਮਾਤਮਾ ਦਾ ਭੈਅ, ਸਭ ਤੋਂ ਉੱਪਰ। 'ਆਸਾ ਦੀ ਵਾਰ' ਅਨੁਸਾਰ ਉਸ ਦੇ ਭੈਅ ਵਿਚ ਸੈਂਕੜੇ ਧੁਨੀਆਂ ਪੈਦਾ ਕਰਨ ਵਾਲੀ ਵਾਯੂ ਚਲਦੀ ਰਹਿੰਦੀ ਹੈ, ਲੱਖਾਂ ਨਦੀਆਂ ਵਹਿੰਦੀਆਂ ਰਹਿੰਦੀਆਂ ਹਨ, ਅਗਨੀ ਵਿਗਾਰ ਕੱਢਦੀ ਹੈ, ਧਰਤੀ ਭਾਰ ਨਾਲ ਦੱਬੀ ਰਹਿੰਦੀ ਹੈ, ਇੰਦਰ ਆਪਣੇ ਸਿਰ ਉੱਪਰ ਵਰਖਾ ਦਾ ਭਾਰ ਢੋਂਦਾ ਹੈ, ਧਰਮ-ਰਾਜ ਆਪਣਾ ਕਾਰਜ ਨਿਭਾਂਦਾ ਹੈ, ਸੂਰਜ ਅਤੇ ਚੰਦਰਮਾ ਕਰੋੜਾਂ ਕੋਹ ਚਲਦੇ ਰਹਿੰਦੇ ਹਨ, ਪਰ ਉਨ੍ਹਾਂ ਦੇ ਪੈਂਡੇ ਮੁਕਦੇ ਨਹੀਂ। ਉਸ ਦੇ ਭੈ ਵਿਚ ਬੁੱਧ, ਨਾਥ ਆਦਿ ਆਪਣੇ ਆਪਣੇ ਕੰਮਾਂ ਵਿਚ ਰੁੱਝੇ ਹੋਏ ਹਨ। ਉਸ ਦੇ ਭੈਅ ਵਿਚ ਹੀ ਆਕਾਸ਼ ਅਤੇ ਤਾਰਾ-ਮੰਡਲ ਸਥਿਤ ਹਨ। ਉਸ ਦੇ ਭੈਅ ਵਿਚ ਹੀ ਮਹਾਂ ਸ਼ਕਤੀਸ਼ਾਲੀ ਸੂਰਬੀਰ ਅਤੇ ਬਲਵਾਨ ਲੋਕ ਵਿਚਰਦੇ ਹਨ। ਉਸ ਦੇ ਭੈਅ ਵਿਚ ਹੀ ਸੰਸਾਰ ਵਿਚ ਅਨੇਕਾਂ ਜਨਮ ਲੈਂਦੇ ਹਨ ਅਤੇ ਨਸ਼ਟ ਹੁੰਦੇ ਰਹਿੰਦੇ ਹਨ :

ਭੈ ਵਿਚਿ ਪਵਣੁ ਵਹੈ ਸਦਵਾਉ।
ਭੈ ਵਿਚਿ ਚਲਹਿ ਲਖ ਦਰੀਆਉ।
ਭੈ ਵਿਚਿ ਅਗਨਿ ਕਢੈ ਵੇਗਾਰਿ।
ਭੈ ਵਿਚਿ ਧਰਤੀ ਦਬੀ ਭਾਰਿ।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।
ਭੈ ਵਿਚਿ ਰਾਜਾ ਧਰਮੁ ਦੁਆਰੁ।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।

ਕੋਹ ਕਰੋੜੀ ਚਲਤ ਨ ਅੰਤੁ।
ਭੈ ਵਿਚਿ ਸਿਧ ਬੁਧ ਸੁਰ ਨਾਥ।
ਭੈ ਵਿਚਿ ਆਡਾਣੇ ਆਕਾਸ।
ਭੈ ਵਿਚਿ ਜੋਧ ਮਹਾਬਲ ਸੂਰ।
ਭੈ ਵਿਚਿ ਆਵਹਿ ਜਾਵਹਿ ਪੂਰ।
ਸਗਲਿਆ ਭਉ ਲਿਖਿਆ ਸਿਰਿ ਲੇਖੁ।
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ। (ਪੰਨਾ 464)

ਰਾਮ ਆਦਿ ਅਨੇਕ ਅਵਤਾਰੀ ਸ਼ਕਤੀਆਂ ਅਤੇ ਦੇਵੀ-ਦੇਵਤਿਆਂ ਨੂੰ ਰਵਾਲ-(ਧੂੜ) ਮਾਤਰ ਦੱਸਦੇ ਹੋਇਆਂ, ਗੁਰੂ ਜੀ ਨੇ 'ਆਸਾ ਦੀ ਵਾਰ' ਵਿਚ ਇਕ ਹੋਰ ਥਾਂ ਤੇ ਵੀ ਉਪਰੋਕਤ ਕਥਨ ਦੀ ਸਥਾਪਨਾ ਕੀਤੀ ਹੈ :

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ।

ਪਰਮਾਤਮਾ ਲਈ 'ਨਿਰਭਉ' ਸ਼ਬਦ ਦੀ ਵਰਤੋਂ ਹੋਰ ਵੀ ਕਈ ਸਥਾਨਾਂ ਤੇ ਹੋਈ ਹੈ, ਜਿਵੇਂ :

(i) ਨਿਰਭਉ ਸੋ ਸਿਰਿ ਨਾਹੀ ਲੇਖਾ।
ਆਪਿ ਅਲੇਖੁ ਕੁਦਰਤਿ ਹੈ ਦੇਖਾ।
ਆਪਿ ਅਤੀਤੁ ਅਜੋਨੀ ਸੰਭਉ।
ਨਾਨਕ ਗੁਰਮਤਿ ਸੋ ਪਾਇਆ। (ਪੰਨਾ 1042)

(ii) ਨਿਰਭਉ ਸੋ ਅਭ ਅੰਤਰਿ ਵਸਿਆ।
ਅਹਿਨਿਸਿ ਨਾਮਿ ਨਿਰੰਜਨ ਰਸਿਆ।
ਨਾਨਕ ਹਰਿ ਜਸੁ ਸੰਗਤਿ ਪਾਈਐ।
ਹਰਿ ਸਹਜੇ ਸਹਜਿ ਮਿਲਾਇਆ। (ਪੰਨਾ 1042)

**ਨਿਰਵੈਰ** : ਇਹ ਸ਼ਬਦ ਵੀ ਪਰਮ-ਸੱਤਾ ਦਾ ਵਾਚਕ ਹੈ। ਇਸ ਤੋਂ ਭਾਵ ਹੈ ਜਿਸ ਦੇ ਮਨ ਵਿਚ ਕਿਸੇ ਪ੍ਰਤਿ ਵੈਰ ਭਾਵ ਨ ਹੋਵੇ, ਜੋ ਵੈਰ ਤੋਂ ਅਤੀਤ ਜਾਂ ਪਰੇ ਹੋਵੇ, ਉਸ ਦੀ ਸੀਮਾ ਤੋਂ ਉੱਚਾ ਹੋਵੇ। ਗੁਰੂ ਨਾਨਕ ਦੇਵ ਨੇ ਪਰਮਾਤਮਾ ਲਈ ਇਹ ਸ਼ਬਦ ਉਚੇਚ ਨਾਲ ਵਰਤਿਆ ਹੈ। ਇਸ ਤੱਥ ਨੂੰ ਵਿਚਾਰੀਏ ਤਾਂ ਪਤਾ ਚਲਦਾ ਹੈ ਕਿ ਜੋ ਪਰਮ-ਸੱਤਾ ਭੈਅ ਤੋਂ ਰਹਿਤ ਹੈ ਤੇ ਜਿਸ ਨੂੰ ਕਿਸੇ ਦਾ ਡਰ ਨਹੀਂ ਹੈ, ਜੋ ਸਭ ਉੱਤੇ ਇਕ-ਮਾਤਰ ਛਾਇਆ ਹੋਇਆ ਹੈ ਅਤੇ ਜਿਸ ਦਾ ਕਿਸੇ ਨਾਲ ਕੋਈ ਦੁਅੰਦ ਨਹੀਂ ਹੈ, ਉਸ ਦਾ ਕਿਸੇ ਨਾਲ ਵੈਰ ਹੋ ਵੀ ਕਿਵੇਂ ਸਕਦਾ ਹੈ। ਵੈਰ ਦੇ ਮੂਲ ਵਿਚ ਬਰਾਬਰੀ ਜਾਂ ਸ਼ਰੀਕੇ ਦੀ ਭਾਵਨਾ ਕੰਮ ਕਰਦੀ ਹੈ। ਜਦੋਂ ਪਰਮਾਤਮਾ ਸ਼ਰੀਕੇ ਤੋਂ ਉੱਪਰ ਹੈ, ਤਾਂ ਉਸ ਦਾ ਵੈਰ ਕਿਸੇ ਨਾਲ ਹੁੰਦਾ ਸੰਭਵ ਨਹੀਂ ਹੈ। ਫਿਰ ਉਸ ਵਾਸਤੇ ਵਰਤਿਆ 'ਨਿਰਵੈਰ' ਸ਼ਬਦ ਬਿਲਕੁਲ ਸਹੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪਰਮ-ਸੱਤਾ ਲਈ ਇਸ ਸ਼ਬਦ ਦੀ ਵਰਤੋਂ ਕਈ ਹੋਰ ਪ੍ਰਸੰਗਾਂ ਵਿਚ ਵੀ ਹੋਈ ਹੈ, ਜਿਵੇਂ ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ। ਪਰਮਾਤਮਾ ਕਿਸੇ ਦਾ ਵੈਰੀ ਹੋ ਹੀ ਨਹੀਂ ਸਕਦਾ, ਕਿਉਂ ਉਹ ਸਭ ਉੱਪਰ ਮਿਹਰਬਾਨ ਹੈ :

ਆਪੇ ਮਿਹਰ ਦਇਆ ਪਤਿ ਦਾਤਾ ਨਾ ਕਿਸੇ ਕੋ ਬੈਰਾਈ ਹੇ। (ਪੰਨਾ 1022)

**ਅਕਾਲ ਮੂਰਤਿ** : ਇਹ ਸ਼ਬਦ ਜੁਟ ਵੀ ਗੁਰੂ ਨਾਨਕ ਦੇਵ ਨੇ ਪਰਮ-ਸੱਤਾ ਲਈ ਵਰਤਿਆ ਹੈ। ਇਸ ਲਈ ਇਹ ਪਰਮਾਤਮਾ ਦਾ ਵਾਚਕ ਹੈ। ਇਸ ਤੋਂ ਭਾਵ ਹੈ ਉਹ ਸੱਤਾ ਜਿਸ ਦਾ ਸਰੂਪ (ਮੂਰਤ) ਕਾਲ ਤੋਂ ਰਹਿਤ ਹੈ, ਜੋ ਤ੍ਰੈਕਾਲ ਬਾਧਿਤ ਨਹੀਂ ਹੈ। ਇਸ ਤੱਥ ਦੀ 'ਪੁਸ਼ਟੀ' 'ਜਪੁਜੀ' ਦੇ ਪਹਿਲੇ ਸ਼ਲੋਕ ਵਿਚ ਹੀ ਕਰ ਦਿੱਤੀ ਗਈ ਹੈ .......'ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।' ਇਸ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪਰਮ-ਸੱਤਾ ਦਾ ਸਰੂਪ ਕਾਲ ਦੇ ਪ੍ਰਭਾਵ ਤੋਂ ਮੁਕਤ ਮੰਨਿਆ ਹੈ। ਸੋਰਠ ਰਾਗ ਵਿਚ

ਇਸ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਗੁਰੂ ਜੀ ਨੇ ਦੱਸਿਆ ਹੈ-'ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।'

ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਸਪੱਸ਼ਟ ਹੈ ਕਿ ਅਕਾਲ-ਮੂਰਤਿ, ਸਤਿਨਾਮ ਵੀ ਹੈ। ਸਤਿ ਤੋਂ ਭਾਵ ਹੈ ਸਦਾ ਵਿਦਮਾਨ ਰਹਿਣ ਵਾਲੀ ਸੱਤਾ। ਉਹ ਸਦਾ, ਸਾਰੀਆਂ ਥਾਵਾਂ ਅਤੇ ਹਰ ਪ੍ਰਕਾਰ ਦੀਆਂ ਪਰਿਸਥਿਤੀਆਂ ਵਿਚ ਸਤਿ ਹੀ ਰਹਿੰਦਾ ਹੈ। ਉਸ ਉੱਤੇ ਸਮੇਂ ਦੇ ਫੇਰ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਪਰ ਸੰਸਾਰ ਜਾਂ ਸ੍ਰਿਸ਼ਟੀ ਦੀ ਹਰ ਇਕ ਰਚਨਾ ਜਾਂ ਵਸਤੂ ਸਮੇਂ ਦੀ ਤਬਦੀਲੀ ਨਾਲ ਬਦਲ ਜਾਂਦੀ ਹੈ, ਵਿਕਾਸ ਕਰਦੀ ਹੈ, ਜਾਂ ਨਸ਼ਟ ਹੋ ਜਾਂਦੀ ਹੈ ਇਸ ਲਈ ਉਹ ਅਸਤਿ ਹੈ, ਨਾਸ਼ਮਾਨ ਹੈ, ਕਾਲਵਸ ਹੈ, ਕਿਉਂਕਿ ਉਸ ਦੀ ਸਿਰਜਣਾ ਹੋਈ ਹੈ। ਸਪੱਸ਼ਟ ਹੈ ਕਿ ਸ੍ਰਿਸ਼ਟੀ ਉੱਪਰ ਕਾਲ ਦਾ ਸ਼ਾਸਨ ਹੈ। ਪਰ ਗੁਰੂ ਨਾਨਕ ਦੇਵ ਨੇ ਸ੍ਰਿਸ਼ਟੀ ਦੇ ਕਰਤਾ ਨੂੰ 'ਅਜੂਨੀ' ਅਤੇ 'ਸੈਭੰ' ਮੰਨਿਆ ਹੈ। ਉਸ ਦੀ ਸਿਰਜਣਾ ਨਹੀਂ ਹੁੰਦੀ, ਉਹ ਸਦਾ ਸਤਿ ਹੈ, ਅਪਰਿਵਰਤਨਸ਼ੀਲ ਹੈ; ਅਖਰ ਹੈ, ਅਨਸ਼ਵਰ ਹੈ, ਇਸ ਲਈ ਉਹ ਕਾਲ ਦੇ ਪ੍ਰਭਾਵ ਦੀ ਸੀਮਾ ਤੋਂ ਬਾਹਰ ਹੈ। ਤਦ ਹੀ ਉਸ ਨੂੰ ਗੁਰੂ ਜੀ ਨੇ ਨਿਰਗੁਣਤਾ ਵਾਚਕ ਅਕਾਲ ਨਾਂ ਨਾਲ ਯਾਦ ਕੀਤਾ ਹੈ। ਮਾਰੂ ਰਾਗ ਵਿਚ ਗੁਰੂ ਜੀ ਨੇ ਦੱਸਿਆ ਹੈ ਕਿ ਪ੍ਰਮਾਤਮਾ ਅਕਾਲ ਪੁਰਖ ਹੈ। ਉਸ ਦੇ ਸਿਰ ਉੱਪਰ ਕਾਲ ਦਾ ਸ਼ਾਸਨ ਨਹੀਂ ਹੈ, ਉਹ ਅਲਖ, ਅਗੰਮ ਅਤੇ ਨਿਰਲੇਪ ਹੈ :

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ।
ਤੂ ਪੁਰਖੁ ਅਲੇਖ ਅਗੰਮ ਨਿਰਾਲਾ। (ਪੰਨਾ 1038)

ਪਰਮ-ਸੱਤਾ ਨੇ ਕਾਲ ਨੂੰ ਖਾ ਲਿਆ ਅਰਥਾਤ ਨਸ਼ਟ ਕਰ ਦਿੱਤਾ। ਸਾਫ ਹੈ ਕਿ ਪਰਮ-ਸੱਤਾ ਕਾਲ ਦੇ ਅਧੀਨ ਨਹੀਂ ਹੈ, ਉਸ ਦੁਆਰਾ ਸ਼ਾਸਿਤ ਹੈ। ਪ੍ਰਮਾਤਮਾ ਕਾਲ ਨੂੰ ਵੀ ਨਸ਼ਟ ਕਰਨ ਦੀ ਸ਼ਕਤੀ ਰੱਖਦਾ ਹੈ। ਗੁਰੂ ਜੀ ਨੇ ਇਹ ਵੀ ਦੱਸਿਆ ਹੈ ਕਿ ਕਾਲ ਦੇ ਪਰਿਵਰਤਨ ਨਾਲ ਅਨੇਕ ਪ੍ਰਕਾਰ ਦੀਆਂ ਰੁੱਤਾਂ ਬਣਦੀਆਂ ਹਨ, ਘੜੀਆਂ, ਪਹਿਰ, ਵਾਰ ਅਤੇ ਮਹੀਨੇ ਹੋਂਦ ਵਿਚ ਆਉਂਦੇ ਹਨ ਅਤੇ ਮਿਟਦੇ ਹਨ, ਪਰ ਉਨ੍ਹਾਂ ਸਭ ਦੇ ਕਾਰਣ ਰੂਪ ਸੂਰਜ ਦਾ ਸਰੂਪ ਸਦਾ ਇਕ-ਸਮਾਨ ਰਹਿੰਦਾ ਹੈ। ਇਸੇ ਤਰ੍ਹਾਂ ਕਰਤਾ ਪੁਰਖ ਦੇ ਵੀ ਅਨੇਕ ਵੇਸ਼ ਰੂਪ ਹਨ, ਪਰ ਉਹ ਆਪ ਸੂਰਜ ਵਾਂਗ ਸਦਾ ਅਪਰਿਵਰਤਨਸ਼ੀਲ ਅਤੇ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ :

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।
ਸੂਰਜੁ ਏਕੋ ਰੁਤਿ ਅਨੇਕ।। ਨਾਨਕ ਕਰਤੇ ਕੇ ਕੇਤੇ ਵੇਸ।। (ਪੰਨਾ 357)

**ਅਜੂਨੀ** : ਨਿਰਭਉ, ਨਿਰਵੈਰ, ਅਕਾਲ ਮੂਰਤ ਵਾਂਗ ਇਹ ਸ਼ਬਦ ਵੀ ਮੂਲ-ਮੰਤਰ ਵਿਚ ਬ੍ਰਹਮ ਦਾ ਸੂਚਕ ਹੈ। ਇਹ ਅਸਲ ਵਿਚ ਸੰਸਕ੍ਰਿਤ ਦੇ 'ਅਯੋਨਿ' ਸ਼ਬਦ ਦਾ ਤਦ-ਭਵ ਰੂਪ ਹੈ। ਇਸ ਦਾ ਅਰਥ ਹੈ ਜੋ ਯੋਨਿ ਵਿਚ ਨਹੀਂ ਆਉਂਦਾ, ਅਰਥਾਤ ਜੋ ਅਜਨਮਾ ਹੈ, ਜੋ ਜਨਮ ਧਾਰਣ ਨਹੀਂ ਕਰਦਾ। ਜੋ ਜਨਮ ਧਾਰਣ ਕਰਦਾ ਹੈ, ਉਹ ਮਰਦਾ ਹੈ, ਨਸ਼ਟ ਹੁੰਦਾ ਹੈ ਅਤੇ ਮਰਨ ਵਾਲਾ ਪਹਿਲਾਂ ਜਨਮ ਜ਼ਰੂਰ ਧਾਰਦਾ ਹੈ। ਪਰਮਾਤਮਾ ਚੂੰਕਿ 'ਅਕਾਲ' ਹੈ, ਇਸ ਲਈ ਉਹ ਜਨਮ ਨਹੀਂ ਧਾਰਦਾ, ਭਾਵ ਅਯੋਨਿਜ ਹੈ। ਇਸ ਕਥਨ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਨੇਕ ਥਾਵਾਂ ਤੇ ਹੋਈ ਹੈ :

1) ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾ ਨਾਥਣਹਾਰਾ। (ਪੰਨਾ 1255)
2) ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ। (ਪੰਨਾ 598)

ਸੋਰਠਿ ਰਾਗ ਵਿਚ ਪਰਮਾਤਮਾ ਨੂੰ ਅਜੂਨੀ ਮੰਨ ਕੇ ਉਸ ਦੀ ਵਿਆਖਿਆ ਕਰਦਿਆਂ ਗੁਰੂ ਜੀ ਨੇ ਕਿਹਾ ਹੈ ਕਿ ਉਹ ਪ੍ਰਭੂ ਅਲਖ, ਅਪਾਰ, ਅਗਮ ਅਤੇ ਅਗੋਚਰ ਹੈ। ਉਹ ਕਾਲ ਅਤੇ ਕਰਮ ਤੋਂ ਮੁਕਤ ਹੈ। ਉਹ ਜਾਤੀ ਤੋਂ ਪਰੇ, ਅਜੂਨੀ ਅਤੇ ਸ੍ਵੈਯੰਭੂ ਹੈ। ਉਸ ਵਿਚ ਕੋਈ ਪਾਪ ਜਾਂ ਭਰਮ ਨਹੀਂ ਹੈ। ਉਸ ਦਾ ਨ ਰੂਪ ਹੈ, ਨ ਰੰਗ ਅਤੇ ਨ ਹੀ ਕੋਈ ਚਿੰਨ੍ਹ। ਉਹ ਸੱਚੇ ਸ਼ਬਦ ਦੁਆਰਾ ਪ੍ਰਗਟ ਹੁੰਦਾ ਹੈ। ਉਸ ਦੀ ਨ ਮਾਤਾ ਹੈ, ਨ ਪਿਤਾ, ਨ ਪੁੱਤਰ ਹੈ ਨ ਭਰਾ। ਉਸ ਨੂੰ ਨ ਕਾਮ ਦੀ ਇੱਛਾ ਹੈ ਅਤੇ ਨ ਹੀ ਉਸ ਦੀ ਕੋਈ ਇਸਤਰੀ ਹੈ।

ਉਹ ਕੁਲ ਰਹਿਤ, ਮਾਇਆ ਰਹਿਤ ਅਤੇ ਅਪਰੰਪਾਰ ਹੈ। ਉਸ ਦੀ ਜੋਤਿ ਸਰਬਤ ਵਿਚ ਵਿਦਮਾਨ ਹੈ :

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।
ਸਾਚੇ ਸਚਿਆਰ ਵਿਟਹੁ ਕੁਰਬਾਣੁ।
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ। ਰਹਾਉ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ।
ਅਕੁਲ ਨਿਰੰਜਨ ਅਪਰਪਰੰਪਰੁ ਸਗਲੀ ਜੋਤਿ ਤੁਮਾਰੀ। (ਪੰਨਾ 597)

**ਸੈਭੰ** : ਇਹ ਸ਼ਬਦ ਵੀ ਪਰਮ-ਸੱਤਾ ਦਾ ਵਾਚਕ ਹੈ। ਇਹ ਸੰਸਕ੍ਰਿਤ ਦੇ 'ਸ੍ਵੈਯੰਭਵ' ਜਾਂ 'ਸ੍ਵਯੰਭੂ', ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਭਾਵ ਹੈ ਆਪਣੇ ਆਪ ਹੋਣ ਵਾਲਾ। ਜੋ ਆਪਣੀ ਹੋਂਦ ਨੂੰ ਆਪ ਹੀ ਧਾਰਣ ਕਰੇ, ਜਿਸ ਨੂੰ ਕਿਸੇ ਨਿਰਮਾਣ ਕਰਤਾ ਦੀ ਲੋੜ ਮਹਿਸੂਸ ਨ ਹੋਵੇ। ਗੁਰੂ ਨਾਨਕ ਦੇਵ ਜੀ ਨੇ ਪਰਮ-ਸੱਤਾ ਦੇ ਵਾਚਕ ਇਸ ਸ਼ਬਦ ਦੀ ਪੁਸ਼ਟੀ ਥਾਂ-ਥਾਂ ਤੇ ਕੀਤੀ ਹੈ :

1) ਥਾਪਿਆ ਨ ਜਾਇ ਕੀਤਾ ਨ ਹੋਇ।
ਆਪੇ ਆਪਿ ਨਿਰੰਜਨੁ ਸੋਇ। (ਪੰਨਾ 2)
2) ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਓ। (ਪੰਨਾ 463)

ਇਸ ਸ਼ਬਦ ਨੂੰ ਕਈ ਥਾਵਾਂ ਤੇ 'ਸੰਭਉ' ਵੀ ਲਿਖਿਆ ਗਿਆ ਹੈ-'ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ।'

ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ ਕਿ ਪਰਮਾਤਮਾ ਨੇ ਆਪ ਹੀ ਆਪਣੇ ਆਪ ਦੀ ਸਿਰਜਨਾ ਕੀਤੀ ਹੈ ਅਤੇ ਦਿਸਦਾ ਜਗਤ ਉਸ ਦਾ ਖੇਲ ਪਸਾਰਾ ਹੈ-'ਤੁਧੁ ਆਪੇ ਆਪੁ ਉਪਾਇਆ। ਦੂਜਾ ਖੇਲੁ ਕਰਿ ਦਿਖਲਾਇਆ।' ਇੱਥੇ ਇਹ ਗੱਲ ਧਿਆਨ ਯੋਗ ਹੈ ਕਿ ਪਰਮਾਤਮਾ ਨੇ ਆਪਣੇ ਆਪ ਨੂੰ ਪੈਦਾ ਕਰਕੇ ਇਸ ਭੇਦ ਨੂੰ ਸਮਝਣ ਦੀ ਸ਼ਕਤੀ ਵੀ ਆਪਣੇ ਪਾਸ ਹੀ ਰੱਖੀ ਹੈ-'ਜਿਨਿ ਆਪੇ ਆਪ ਉਪਾਇ ਪਛਾਤਾ।'

**ਗੁਰਪ੍ਰਸਾਦਿ** : ਪਰਮ-ਸੱਤਾ ਨੂੰ ਪ੍ਰਾਪਤ ਕਰਨ ਦੀ ਵਿਧੀ ਹੈ, ਇਸ ਗੱਲ ਨੂੰ 'ਗੁਰ-ਪ੍ਰਸਾਦਿ' ਦੁਆਰਾ ਸਪੱਸ਼ਟ ਕੀਤਾ ਗਿਆ ਹੈ। 'ਗੁਰ ਪ੍ਰਸਾਦਿ' ਦਾ ਅਰਥ ਹੈ ਗੁਰੂ ਦੀ ਕ੍ਰਿਪਾ ਦੁਆਰਾ। ਇਸ ਭਾਵਨਾ ਨੂੰ ਪ੍ਰਗਟ ਕਰਨ ਲਈ ਨਦਰ, ਕਰਮ ਆਦਿ ਹੋਰ ਅਨੇਕ ਸ਼ਬਦ ਵੀ ਵਰਤੇ ਜਾਂਦੇ ਹਨ। ਇਸ ਸਿਧਾਂਤ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕਈ ਥਾਂ ਤੇ ਹੋਈ ਹੈ, ਜਿਵੇਂ :

1) ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮ ਭੁਲਾਹਿ।। (ਪੰਨਾ 936)
2) ਗੁਰ ਪਰਸਾਦਿ ਰਤਨੁ ਹਰਿ ਲਾਭੈ।।
ਮਿਟੈ ਅਗਿਆਨੁ ਹੋਇ ਉਜੀਆਰਾ।। (ਪੰਨਾ 353)

ਪਰਮਾਤਮਾ ਨਾਲ ਮਿਲਾ ਦੇਣ ਵਾਲੇ ਜਾਂ ਪਰਮਾਤਮਾ ਦੀ ਪ੍ਰਾਪਤੀ ਕਰਾ ਦੇਣ ਵਾਲੇ ਗੁਰੂ ਦੇ ਸਰੂਪ ਦਾ ਚਿਤ੍ਰਣ ਵੀ ਗੁਰੂ ਨਾਨਕ ਦੇਵ ਦੀ ਬਾਣੀ ਅਤੇ ਸਮੁੱਚੀ ਗੁਰਬਾਣੀ ਵਿਚ ਅਨੇਕ ਥਾਵਾਂ ਉੱਤੇ ਹੋਇਆ ਹੈ। ਇਹ ਗੁਰੂ ਅਜਿਹੀ ਅਧਿਆਤਮਿਕ ਸੱਤਾ ਹੈ, ਜਿਸ ਵਿਚ ਪਰਮਾਤਮਾ ਨੇ ਆਪਣੇ ਆਪ ਨੂੰ ਸਥਿਤ ਕੀਤਾ ਹੋਇਆ ਹੈ। ਇਸ ਤਰ੍ਹਾਂ ਗੁਰੂ ਅਤੇ ਪਰਮ-ਸੱਤਾ ਵਿਚ ਕੋਈ ਤਾਤਵਿਕ ਅੰਤਰ ਨਹੀਂ ਹੈ, ਜਿਵੇਂ :

1) ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟ ਆਖਿ ਸੁਣਾਇਆ। (ਪੰਨਾ 466)
2) ਗੁਰ ਮਹਿ ਆਪੁ ਰਖਿਆ ਕਰਤਾਰੇ। (ਪੰਨਾ 1024)

ਸਪੱਸ਼ਟ ਹੈ ਕਿ ਪਰਮ-ਸੱਤਾ ਦੀ ਪ੍ਰਾਪਤੀ ਉਸ ਦੇ ਪ੍ਰਤੀਕ ਗੁਰੂ ਦੀ ਕ੍ਰਿਪਾ ਦੁਆਰਾ ਹੀ ਸੰਭਵ ਹੈ। ਅਰਥਾਤ ਉਸ ਦੀ ਪ੍ਰਾਪਤੀ ਉਸ ਦੀ ਆਪਣੀ ਕਿਰਪਾ ਉਪਰ ਨਿਰਭਰ ਕਰਦੀ ਹੈ। ਗੁਰੂ ਦੀ ਪ੍ਰਾਪਤੀ ਵੀ ਉਸ ਪਰਮ-ਸੱਤਾ ਦੀ ਕਿਰਪਾ ਤੇ ਆਧਾਰਿਤ ਹੈ-'ਨਦਰਿ ਕਰਹਿ ਜੇ ਆਪਣੀ ਤਾਂ ਨਦਰੀ ਸਤਿਗੁਰੂ ਪਾਇਆ।'

ਉਪਰੋਕਤ ਵਿਸ਼ਲੇਸ਼ਣ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਮੂਲ-ਮੰਤਰ ਵਿਚ ਜਿਨ੍ਹਾਂ ਸ਼ਬਦਾਂ ਨੂੰ ਸਮੋਇਆ ਗਿਆ ਹੈ, ਉਹ ਅਸਲ ਵਿਚ ਪਰਮ-ਸੱਤਾ ਦੇ ਵਾਚਕ ਹਨ। ਇਨ੍ਹਾਂ ਸ਼ਬਦਾਂ ਰਾਹੀਂ ਗੁਰਮਤਿ ਦੇ ਬ੍ਰਹਮ ਸੰਬੰਧੀ ਸਰੂਪ ਨੂੰ ਸਪੱਸ਼ਟਤਾ ਮਿਲੀ ਹੈ। ਇਨ੍ਹਾਂ ਵਿਚ ਬ੍ਰਹਮ ਦੇ ਸਰੂਪ ਸੰਬੰਧੀ ਬੁਨਿਆਦੀ ਨੁਕਤੇ ਸਪੱਸ਼ਟ ਕੀਤੇ ਗਏ ਹਨ। ਮੂਲ-ਮੰਤਰ ਵਿਚ ਪ੍ਰਗਟਾਏ ਪਰਮ-ਸੱਤਾ ਦੇ ਸਰੂਪ ਦੀ ਵਿਆਖਿਆ ਜਪੁਜੀ ਬਾਣੀ ਵਿਚ ਹੋਈ ਹੈ ਅਤੇ ਫਿਰ ਸਾਰੀ ਗੁਰਬਾਣੀ ਇਸ ਮੰਤਰ ਵਿਚ ਦਰਸਾਏ ਸਰੂਪ ਨੂੰ ਹੀ ਸਪੱਸ਼ਟ ਕਰਦੀ ਹੈ। ਅਜਿਹਾ ਸਮੂਹਿਕ ਵਰਣਨ ਰਚੈਤਾ ਗੁਰੂ ਦੀ ਭਾਵ-ਅਭਿਵਿਅਕਤੀ ਦਾ ਸੁੰਦਰ ਨਮੂਨਾ ਹੈ।

ਪਾਠ ਨੰ : 2.1 (ਬੀ)

# ਸ੍ਰਿਸ਼ਟੀ - ਸਰੂਪ ਅਤੇ ਰਚਨਾ

**ਭੂਮਿਕਾ** :

ਇਸ ਪਾਠ ਵਿਚ ਵਿਦਿਆਰਥੀਆਂ ਨੂੰ ਮਨੁੱਖ ਦੀ ਸਦੀਵੀ ਅਤੇ ਬੁਨਿਆਦੀ ਜਗਿਆਸਾ ਕਿ ਇਹ ਸ੍ਰਿਸ਼ਟੀ ਕਿਵੇਂ, ਕਦੋਂ ਅਤੇ ਕਿਸ ਦੁਆਰਾ ਹੋਂਦ ਵਿਚ ਆਈ ਦੇ ਨਿਤਾਰੇ ਲਈ ਗੁਰਬਾਣੀ ਨੂੰ ਅਧਾਰ ਬਣਾ ਕੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਸ੍ਰਿਸ਼ਟੀ-ਉਤਪਤੀ ਸਬੰਧੀ ਗੁਰਬਾਣੀ ਅੰਦਰ ਬਹੁਤ ਵਿਸਥਾਰਪੂਰਵਕ ਚਰਚਾ ਹੋਈ ਹੈ। ਗੁਰਬਾਣੀ ਦੇ ਸ੍ਰਿਸ਼ਟੀ-ਸਾਜਨਾ, ਪਾਲਣਾ ਤੇ ਵਿਨਾਸ਼ ਆਦਿ ਸਬੰਧੀ ਜੋ ਸਿਧਾਂਤ ਪ੍ਰਾਪਤ ਹਨ ਉਨ੍ਹਾਂ ਦੀ ਇਸ ਪਾਠ ਵਿਚ ਚਰਚਾ ਕੀਤੀ ਗਈ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰਬਾਣੀ ਵਿਚ ਸ੍ਰਿਸ਼ਟੀ ਸੰਬੰਧੀ ਕੋਈ ਵਿਵਸਥਿਤ ਜਾਂ ਦਾਰਸ਼ਨਿਕ ਢੰਗ ਨਾਲ ਵਿਚਾਰ ਨਹੀਂ ਹੋਇਆ, ਪਰ ਕਿਤੇ ਕਿਤੇ ਸ੍ਰਿਸ਼ਟੀ ਦੇ ਸਰੂਪ ਅਤੇ ਰਚਨਾ ਬਾਰੇ ਗੁਰੂ ਸਾਹਿਬਾਨ ਨੇ ਕੁਝ ਸਥਾਪਨਾਵਾਂ ਕੀਤੀਆਂ ਹਨ, ਜਿਨ੍ਹਾਂ ਦੇ ਸਮੀਕਰਣ ਤੋਂ ਕੁਝ ਸਿਧਾਂਤਕ ਸੰਕੇਤ ਮਿਲ ਜਾਂਦੇ ਹਨ।

**ਸ੍ਰਿਸ਼ਟੀ ਦਾ ਰਚਣਹਾਰ** : ਇਸ ਸ੍ਰਿਸ਼ਟੀ ਦਾ ਰਚੈਤਾ ਪਰਮਾਤਮਾ ਆਪ ਹੈ। ਉਹ ਬਿਨਾਂ ਕਿਸੇ ਨੂੰ ਪੁੱਛੇ ਇਸ ਦੀ ਰਚਨਾ ਕਰਦਾ ਹੈ ਅਤੇ ਬਿਨਾਂ ਕਿਸੇ ਨੂੰ ਪੁੱਛੇ ਇਸ ਨੂੰ ਖਤਮ ਵੀ ਕਰਦਾ ਹੈ। ਆਪਣੀ ਕੁਦਰਤ ਨੂੰ ਉਹ ਖੁਦ ਹੀ ਜਾਣਦਾ ਹੈ ਅਤੇ ਆਪ ਹੀ ਉਸ ਦਾ ਕਾਰਣ ਅਤੇ ਕਰਤਾ ਹੈ। ਉਹ ਸਾਰਿਆਂ ਉੱਤੇ ਆਪਣੀ ਕ੍ਰਿਪਾ-ਦ੍ਰਿਸ਼ਟੀ ਰੱਖਦਾ ਹੈ ਅਤੇ ਆਪਣੀ ਇੱਛਾ ਅਨੁਸਾਰ ਹੀ ਹਰ ਇਕ ਨੂੰ ਦਿੰਦਾ ਅਤੇ ਲੈਂਦਾ ਹੈ :

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ।
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ। (ਪੰਨਾ 53)

'ਮਾਝ ਦੀ ਵਾਰ' ਵਿਚ ਵੀ ਗੁਰੂ ਨਾਨਕ ਦੇਵ ਨੇ ਕਿਹਾ ਹੈ ਕਿ ਉਹ ਪਰਮਾਤਮਾ ਆਪ ਹੀ ਜਗਤ ਨੂੰ ਉਤਪੰਨ ਕਰਦਾ ਹੈ ਅਤੇ ਆਪ ਹੀ ਸਭ ਨੂੰ ਆਪਣੇ ਕੰਮ-ਕਾਜ ਵਿਚ ਲਗਾਉਂਦਾ ਹੈ-''ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ।'' ਮਲ੍ਹਾਰ ਰਾਗ ਦੀ ਵਾਰ ਦੀ ਤੀਜੀ ਪਉੜੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਉਸ ਪਰਮਾਤਮਾ ਨੇ ਖੁਦ ਹੀ ਬ੍ਰਹਮਾ, ਵਿਸ਼ਨੂ, ਮਹੇਸ਼ ਆਦਿ ਦੇਵਤੇ ਪੈਦਾ ਕੀਤੇ ਹਨ। ਬ੍ਰਹਮਾ ਨੂੰ ਵੇਦ ਬਖਸ਼ ਕੇ ਪੂਜਾ-ਕਰਮ ਵਿਚ ਲਗਾਇਆ ਹੈ। ਵਿਸ਼ਨੂ ਤੋਂ ਦਸ ਅਵਤਾਰ ਧਾਰਣ ਕਰਵਾਏ ਹਨ ਅਤੇ ਉਨ੍ਹਾਂ ਤੋਂ ਦੈਂਤਾਂ ਦਾ ਸੰਘਾਰ ਕਰਵਾਇਆ ਹੈ। ਮਹੇਸ਼ ਵੀ ਉਸ ਦੀ ਸੇਵਾ ਵਿਚ ਲਗਿਆ ਹੋਇਆ ਹੈ, ਪਰ ਉਸ ਦਾ ਅੰਤ ਪਾ ਸਕਣ ਵਿਚ ਅਸਮਰੱਥ ਹੈ। ਇਸ ਤਰ੍ਹਾਂ ਪਰਮਾਤਮਾ ਨੇ ਸਭ ਨੂੰ ਆਪਣੇ ਆਪਣੇ ਕੰਮ ਧੰਦੇ ਵਿਚ ਲਗਾ ਕੇ ਆਪਣੇ ਆਪ ਨੂੰ ਗੁਪਤ ਰਖਿਆ ਹੋਇਆ ਹੈ। 'ਆਸਾ ਦੀ ਵਾਰ' ਦੀ ਪਹਿਲੀ ਪਉੜੀ ਵਿਚ ਵੀ ਇਸ ਤੱਥ ਦੀ ਸਥਾਪਨਾ ਹੋਈ ਹੈ। ਆਸਾ ਰਾਗ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਪਰਮਾਤਮਾ ਆਪ ਹੀ ਸਾਰੀ ਸ੍ਰਿਸ਼ਟੀ ਦਾ ਸੰਚਾਲਨ ਕਰ ਰਿਹਾ ਹੈ। ਮਨੁੱਖਾਂ, ਬ੍ਰਿਛਾਂ, ਤੀਰਥਾਂ, ਮੇਘਾਂ, ਖੇਤਾਂ, ਦੀਪਾਂ, ਲੋਕਾਂ, ਮੰਡਲਾਂ, ਖੰਡਾਂ, ਬ੍ਰਹਮੰਡਾਂ, ਖਾਣੀਆਂ, ਸਮੁੰਦਰਾਂ, ਪਰਬਤਾਂ, ਜੀਵ-ਜੰਤੂਆਂ ਆਦਿ ਦਾ ਅਨੁਮਾਨ ਲਗਾ ਸਕਣ ਦੇ ਵੀ ਪਰਮਾਤਮਾ ਹੀ ਸਮਰੱਥ ਹੈ। ਉਹ ਹੀ ਇਨ੍ਹਾਂ ਨੂੰ ਪੈਦਾ ਕਰ ਕੇ ਫਿਰ ਇਨ੍ਹਾਂ ਦੀ ਚਿੰਤਾ ਕਰਦਾ ਹੈ :

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਹ।
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ।
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ।

ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ।
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ। (ਪੰਨਾ 467)

ਸਪੱਸ਼ਟ ਹੈ ਕਿ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਨੇ ਖੁਦ ਕੀਤੀ ਹੈ। ਇੱਥੇ ਇਹ ਗੱਲ ਵਿਚਾਰਨ ਯੋਗ ਹੈ ਕਿ ਸਾਂਖਵਾਦੀਆਂ ਨੇ ਪੁਰਸ਼ ਅਤੇ ਪ੍ਰਕ੍ਰਿਤੀ ਦੋਹਾਂ ਨੂੰ ਸ੍ਰਿਸ਼ਟੀ ਦਾ ਮੂਲ ਕਾਰਨ ਮੰਨਿਆ ਹੈ ਪਰ ਗੁਰਮਤਿ ਵਿਚ ਸ੍ਰਿਸ਼ਟੀ ਦੀ ਰਚਨਾ ਦਾ ਮੂਲ ਕਾਰਨ ਕੇਵਲ ਪਰਮਾਤਮਾ ਹੈ। ਉਹੀ ਕਰਤਾ ਪੁਰਖ ਹੈ।

**ਸ੍ਰਿਸ਼ਟੀ ਰਚਨਾ ਦਾ ਸਮਾਂ** : ਜਗਿਆਸੂ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ ਸੀ। ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦੀ ਧਾਰਣਾ ਹੈ ਕਿ ਇਸ ਪ੍ਰਸ਼ਨ ਦਾ ਉੱਤਰ ਦੇ ਸਕਣਾ ਸੰਭਵ ਨਹੀਂ ਕਿਉਂਕਿ ਉਦੋਂ ਕਿਹੜੀ ਘੜੀ, ਰੁੱਤ ਜਾਂ ਮੁਹੂਰਤ ਸੀ, ਇਹ ਤੱਥ ਰਹੱਸਪੂਰਣ ਹੈ। ਜੇ ਪੰਡਿਤਾਂ ਨੂੰ ਸ੍ਰਿਸ਼ਟੀ ਦੀ ਰਚਨਾ ਦੇ ਸਮੇਂ ਦਾ ਬੋਧ ਹੁੰਦਾ ਤਾਂ ਉਹ ਪੁਰਾਣਾਂ ਵਿਚ ਲਿਖ ਦਿੰਦੇ। ਜੇ ਕਾਜੀਆਂ ਨੂੰ ਪਤਾ ਹੁੰਦਾ ਤਾਂ ਉਹ ਕੁਰਾਨ ਵਿਚ ਇਸ ਦਾ ਉਲੇਖ ਕਰਦੇ। ਇਸ ਤੱਥ ਦੀ ਜਾਣਕਾਰੀ ਯੋਗੀਆਂ ਨੂੰ ਵੀ ਨਹੀਂ ਸੀ। ਸੱਚ ਤਾਂ ਇਹ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਦਾ ਸਮਾਂ ਕਿਸੇ ਨੂੰ ਪਤਾ ਨਹੀਂ। ਜੇ ਕਿਸੇ ਨੂੰ ਪਤਾ ਹੈ ਤਾਂ ਉਹ ਕੇਵਲ ਸਿਰਜਣਹਾਰ ਖੁਦ ਹੈ :

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।।
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।। (ਪੰਨਾ 4)

**ਸ੍ਰਿਸ਼ਟੀ ਦੀ ਰਚਨਾ ਤੋਂ ਪੂਰਬਲੀ ਅਵਸਥਾ** : ਗੁਰਮਤਿ ਵਿਚ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਦੀ ਸਥਿਤੀ ਬਾਰੇ ਵੀ ਦੱਸਿਆ ਗਿਆ ਹੈ। 'ਸਿਧ ਗੋਸਟਿ' ਵਿਚ ਗੁਰੂ ਨਾਨਕ ਦੇਵ ਜੀ ਨੇ ਯੋਗੀਆ ਦੇ ਪ੍ਰਸ਼ਨ ਦੇ ਉੱਤਰ ਵਿਚ ਸਪੱਸ਼ਟ ਕੀਤਾ ਹੈ ਕਿ ਉਦੋਂ ਸੁੰਨ-ਬ੍ਰਹਮ ਆਪਣੇ ਆਪ ਵਿਚ ਨਿਵਾਸ ਕਰਦਾ ਸੀ। ਉਹ ਆਪਣੀ ਮਹਿਮਾ ਵਿਚ ਆਪ ਹੀ ਸਮਾਇਆ ਹੋਇਆ ਸੀ-''ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸਿ ਲੀਆ।'' ਉਹੀ ਸਰਬਤ੍ਰ ਵਿਆਪਤ ਸੀ। ਮਾਰੂ ਰਾਗ ਦੇ ਪੰਦਰ੍ਹਵੇਂ ਸੋਲਹੇ ਵਿਚ ਗੁਰੂ ਨਾਨਕ ਦੇਵ ਨੇ ਦੱਸਿਆ ਹੈ ਕਿ ਉਦੋਂ ਅਣਗਿਣਤ ਯੁੱਗਾਂ ਤਕ ਹਨ੍ਹੇਰਾ ਪਸਰਿਆ ਹੋਇਆ ਸੀ। ਨ ਉਦੋਂ ਪ੍ਰਿਥਵੀ ਸੀ ਅਤੇ ਨ ਆਕਾਸ਼। ਨ ਉਦੋਂ ਦਿਨ ਸੀ ਅਤੇ ਨ ਰਾਤ। ਨ ਉਦੋਂ ਚੰਦ੍ਰਮਾ ਸੀ ਅਤੇ ਨ ਸੂਰਜ। ਉਦੋਂ ਕੇਵਲ ਪ੍ਰਮਾਤਮਾ ਆਪ ਹੀ ਨਿਰਲਿਪਤ ਅਵਸਥਾ ਵਿਚ ਮੌਜੂਦ ਸੀ :

ਕੇਤੇ ਜੁਗ ਵਰਤੇ ਗੁਬਾਰੈ। ਤਾੜੀ ਲਾਈ ਅਪਰ ਅਪਾਰੈ।।
ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ।। (ਪੰਨਾ 1026)

**ਸ੍ਰਿਸ਼ਟੀ ਦੀ ਉਤਪਤੀ** : ਫਿਰ ਸ੍ਰਿਸ਼ਟੀ ਦੀ ਉਤਪਤੀ ਦਾ ਆਰੰਭ ਹੁੰਦਾ ਹੈ। ਗੁਰਬਾਣੀ ਵਿਚ ਮੁੱਖ ਤੌਰ ਤੇ ਸ੍ਰਿਸ਼ਟੀ ਰਚਨਾ ਦੇ ਤਿੰਨ ਕਾਰਣ ਮੰਨੇ ਗਏ ਹਨ :

1) ਹੁਕਮ ਦੁਆਰਾ ਸ੍ਰਿਸ਼ਟੀ ਦੀ ਰਚਨਾ,
2) ਓਅੰਕਾਰ ਦੁਆਰਾ ਸ੍ਰਿਸ਼ਟੀ ਦੀ ਰਚਨਾ,
3) ਹਉਮੈ ਦੁਆਰਾ ਸ੍ਰਿਸ਼ਟੀ ਦੀ ਰਚਨਾ।

1. **ਹੁਕਮ ਦੁਆਰਾ ਸ੍ਰਿਸ਼ਟੀ ਦੀ ਰਚਨਾ** : ਹੁਕਮ ਤੋਂ ਭਾਵ ਹੈ ਕਿ ਇਲਾਹੀ ਫੁਰਮਾਨ ਜਾਂ ਆਦੇਸ਼। ਗੁਰਬਾਣੀ ਵਿਚ ਹੁਕਮ ਕੋਈ ਆਡਰ ਨਹੀਂ ਸਗੋਂ ਪਰਮਾਤਮਾ ਦੀ ਇੱਛਾ ਹੈ, ਰਜਾ ਹੈ। 'ਹੁਕਮ' ਦੁਆਰਾ ਵਿਸ਼ਵ-ਵਿਆਪੀ ਵਿਧਾਨ ਹੋਂਦ ਵਿਚ ਆਇਆ ਅਤੇ ਉਸੇ ਵਿਧਾਨ ਅਧੀਨ ਸ੍ਰਿਸ਼ਟੀ ਦੀ ਰਚਨਾ ਸੰਭਵ ਹੋਈ। ਮਾਰੂ

ਰਾਗ ਦੇ 15ਵੇਂ ਸੋਲਹੇ ਅਤੇ 'ਜਪੁਜੀ' ਵਿਚ ਗੁਰ ਜੀ ਨੇ ਦੱਸਿਆ ਹੈ ਕਿ ਹੁਕਮ ਦੁਆਰਾ ਸ੍ਰਿਸ਼ਟੀ ਦੇ ਸਾਰੇ ਆਕਾਰ ਹੋਂਦ ਵਿਚ ਆਏ। ਹੁਕਮ ਰਾਹੀਂ ਹੀ ਸਾਰੇ ਜੀਵ ਪੈਦਾ ਹੋਏ ਅਤੇ ਹੁਕਮ ਦੁਆਰਾ ਹੀ ਉਨ੍ਹਾਂ ਨੂੰ ਵਡਿਆਈ ਜਾਂ ਪ੍ਰਤਿਸ਼ਠਾ ਪ੍ਰਾਪਤ ਹੋਈ ਹੈ। ਹੁਕਮ ਦੁਆਰਾ ਹੀ ਉਹ ਭਿੰਨ-ਭੇਦ ਦਾ ਵਿਚਾਰ ਕਰਦੇ ਹਨ ਜਾਂ ਕਰਮ ਵਿਚ ਲੀਨ ਹੁੰਦੇ ਹਨ। ਹੁਕਮ ਨਾਲ ਹੀ ਉਨ੍ਹਾਂ ਨੂੰ ਸੁੱਖ-ਦੁੱਖ ਦੀ ਪ੍ਰਾਪਤੀ ਹੁੰਦੀ ਹੈ। ਕੁਝ ਨੂੰ ਹੁਕਮ ਰਾਹੀਂ ਖਿਮਾ ਕਰ ਦਿੱਤਾ ਜਾਂਦਾ ਹੈ ਅਤੇ ਕੁਝ ਆਵਾਗਵਣ ਦੇ ਚੱਕਰ ਵਿਚ ਪੈਂਦੇ ਹਨ। ਇਸ ਤਰ੍ਹਾਂ ਸ੍ਰਿਸ਼ਟੀ ਦੀ ਹਰ ਗਤੀਵਿਧੀ ਪਰਮਾਤਮਾ ਦੇ ਹੁਕਮ ਵਿਚ ਹੈ। ਉਸ ਤੋਂ ਬਾਹਰ ਕੁਝ ਵੀ ਨਹੀਂ :

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ। (ਪੰਨਾ 1)

ਮਨੁੱਖੀ ਜੀਵਨ ਬਾਰੇ ਹੁਕਮ ਦੇ ਭੇਦ ਜਾਂ ਸਰੂਪ ਨੂੰ ਸਪੱਸ਼ਟ ਕਰਦਿਆਂ ਗੁਰੂ ਜੀ ਨੇ ਸੋਰਠ ਰਾਗ ਵਿਚ ਕਿਹਾ ਹੈ ਕਿ ਮਨੁੱਖ ਪਰਮਾਤਮਾ ਦੇ ਹੁਕਮ ਦੁਆਰਾ ਮਾਤਾ ਦੇ ਗਰਭ ਵਿਚ ਠਹਿਰਦਾ ਹੈ ਅਤੇ ਫਿਰ ਜਨਮ ਲੈਂਦਾ ਹੈ। ਉਹ ਹੁਕਮ ਅਨੁਸਾਰ ਹੀ ਇਸ ਸੰਸਾਰ ਵਿਚ ਆਂਦਾ ਅਤੇ ਜਾਂਦਾ ਹੈ ਅਤੇ ਹੁਕਮ ਅਧੀਨ ਹੀ ਕਰਮਾਂ ਦਾ ਬੰਨ੍ਹਿਆ ਯਮਪੁਰੀ ਵਿਚ ਜਾਂਦਾ ਹੈ। ਮਨਮੁੱਖਾਂ ਨੂੰ ਹੁਕਮ ਅਨੁਸਾਰ ਹੀ ਸਜ਼ਾ ਮਿਲਦੀ ਹੈ। ਹੁਕਮ ਦੁਆਰਾ ਹੀ ਉਸ ਨੂੰ ਪਰਮਾਤਮਾ ਦੀ ਪਛਾਣ ਹੁੰਦੀ ਹੈ। ਹੁਕਮ ਦੁਆਰਾ ਹੀ ਉਹ ਸੰਸਾਰਿਕ ਪ੍ਰਪੰਚ ਵਿਚ ਉਲਝਦਾ ਹੈ ਅਤੇ ਹੁਕਮ ਦੁਆਰਾ ਹੀ ਦ੍ਵੈਤ ਅਤੇ ਹਉਮੈ ਦੀ ਭਾਵਨਾ ਪੈਦਾ ਹੁੰਦੀ ਹੈ। ਹੁਕਮ ਰਾਹੀਂ ਹੀ ਮਨੁੱਖ ਆਵਾਗਵਣ ਵਿਚ ਪੈਂਦਾ ਹੈ ਅਤੇ ਹੁਕਮ ਦੁਆਰਾ ਹੀ ਸ੍ਰਿਸ਼ਟੀ ਆਪ ਮਾੜੇ ਗੁਣਾਂ ਅਥਵਾ ਕਰਮਾਂ ਕਰਕੇ ਲੁੱਟੀ ਜਾ ਰਹੀ ਹੈ :

ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ।
ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ।
ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ।੫।
ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ।
ਹੁਕਮੇ ਬੰਨ੍ਹਿ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ।
ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਾਹ ਪੈਧਾ ਜਾਇ।੫।
ਹੁਕਮੈ ਗਣਤ ਗਣਾਈਐ ਪਿਆਰੇ ਹੁਕਮੈ ਹਉਮੈ ਦੋਇ।
ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ।
ਹੁਕਮੁ ਸਿਵਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ।੬। (ਪੰਨਾ 636)

2. **ਓਅੰਕਾਰ ਦੁਆਰਾ ਸ੍ਰਿਸ਼ਟੀ ਦੀ ਉਤਪਤੀ** : ਗੁਰੂ ਨਾਨਕ ਦੇਵ ਨੇ 'ਓਅੰਕਾਰ' ਨਾਂ ਦੀ ਬਾਣੀ ਵਿਚ ਓਅੰਕਾਰ (ਸ਼ਬਦ) ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਦੇ ਹੋਇਆਂ ਲਿਖਿਆ ਹੈ ਕਿ ਓਅੰਕਾਰ ਤੋਂ ਬ੍ਰਹਮਾ ਦੀ ਉਤਪਤੀ ਹੋਈ, ਓਅੰਕਾਰ ਤੋਂ ਹੀ ਪਰਬਤਾਂ ਅਤੇ ਵੇਦਾਂ ਦਾ ਨਿਰਮਾਣ ਹੋਇਆ, ਓਅੰਕਾਰ ਤੋਂ ਹੀ ਤਿੰਨਾਂ ਲੋਕਾਂ ਦਾ ਉਧਾਰ ਹੋਇਆ। ਓਅੰਕਾਰ ਹੀ ਸਾਰੀ ਸ੍ਰਿਸ਼ਟੀ ਦਾ ਸਾਰ ਤੱਤ ਹੈ। ਅਸਲ ਵਿਚ ਓਅੰਕਾਰ, ਸ਼ਬਦ ਬ੍ਰਹਮ, ਹੀ ਸ੍ਰਿਸ਼ਟੀ ਦਾ ਰਚੈਤਾ ਅਤੇ ਉਤਪਾਦਕ ਹੈ :

ਓਅੰਕਾਰਿ ਬ੍ਰਹਮਾ ਉਤਪਤਿ।
ਓਅੰਕਾਰੁ ਕੀਆ ਜਿਨਿ ਚਿਤਿ।

ਓਅੰਕਾਰਿ ਸੈਲ ਜੁਗ ਭਏ।
ਓਅੰਕਾਰਿ ਬੇਦ ਨਿਰਮਏ।
ਓਅੰਕਾਰਿ ਸਬਦਿ ਉਧਰੇ।
ਓਅੰਕਾਰਿ ਗੁਰਮੁਖਿ ਤਰੇ।
ਓਨਮ ਅਖਰ ਸੁਣਹੁ ਬੀਚਾਰੁ।
ਓਨਮ ਅਖਰੁ ਤ੍ਰਿਭਵਣ ਸਾਰੁ। (ਪੰਨ 929-30)

3. **ਹਉਮੈ ਦੁਆਰਾ ਸ੍ਰਿਸ਼ਟੀ ਦੀ ਉਤਪਤੀ** : ਗੁਰਮਤਿ ਵਿਚ ਸੰਸਾਰ ਦੀ ਉਤਪਤੀ ਹਉਮੈ ਦੁਆਰਾ ਵੀ ਮੰਨੀ ਗਈ ਹੈ। 'ਸਿਧ ਗੋਸਟਿ' ਵਿਚ ਯੋਗੀਆ ਨੇ ਗੁਰੂ ਨਾਨਕ ਦੇਵ ਜੀ ਉੱਤੇ ਪ੍ਰਸ਼ਨ ਕੀਤਾ ਕਿ ਜਗਤ ਦੀ ਉਤਪਤੀ ਕਿਸ ਕਿਸ ਢੰਗ ਨਾਲ ਹੁੰਦੀ ਹੈ ਅਤੇ ਕਿਸ ਕਿਸ ਦੁੱਖ ਨਾਲ ਇਸ ਦਾ ਵਿਨਾਸ਼ ਹੁੰਦਾ ਹੈ ? ਤਾਂ ਗੁਰੂ ਜੀ ਨੇ ਉੱਤਰ ਦਿੰਦੇ ਹੋਇਆ ਕਿਹਾ ਕਿ ਹਉਮੈ ਰਾਹੀਂ ਜਗਤ ਪੈਦਾ ਹੁੰਦਾ ਹੈ ਅਤੇ ਨਾਮ ਨੂੰ ਭੁਲਾ ਦੇਣ ਨਾਲ ਦੁੱਖ ਸਹਿਣਾ ਪੈਂਦਾ ਹੈ। ਇਹੀ ਦੁੱਖ ਵਿਨਾਸ਼ ਦਾ ਕਾਰਣ ਹੈ। ਪਰ ਗੁਰਮੁਖ ਵਿਅਕਤੀ ਬ੍ਰਹਮ ਗਿਆਨ ਦੀ ਸੋਝੀ ਨਾਲ ਸ਼ਬਦ ਜਾਂ ਨਾਮ ਦੀ ਅਰਾਧਨਾ ਰਾਹੀਂ ਹਉਮੈ ਨੂੰ ਖਤਮ ਕਰ ਦਿੰਦਾ ਹੈ :

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ।
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ। (ਪੰਨਾ 946)

ਹੰਕਾਰ ਅਥਵਾ ਹਉਮੈ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਣ ਦਾ ਬਹੁਤ ਪ੍ਰਾਚੀਨ ਸਿਧਾਂਤ ਹੈ। ਸਾਂਖਮਤ ਵਾਲੇ ਪ੍ਰਕ੍ਰਿਤੀ ਤੋਂ ਮਹਤ, ਮਹਤ ਤੋਂ ਹੰਕਾਰ ਅਤੇ ਹੰਕਾਰ ਤੋਂ ਪੰਜ ਗਿਆਨ-ਇੰਦਰੀਆਂ, ਪੰਜ ਕਰਮ-ਇੰਦਰੀਆਂ, ਅਤੇ ਮਨ ਦੀ ਉਤਪਤੀ ਮੰਨਦੇ ਹਨ। ਅਦ੍ਵੈਤ ਵੇਦਾਂਤ ਵਿਚ ਵੀ ਸ੍ਰਿਸ਼ਟੀ ਦੀ ਉਤਪਤੀ ਸਾਂਖਵਾਦੀਆਂ ਵਾਂਗ ਹੰਕਾਰ ਤੋਂ ਮੰਨੀ ਹੈ। ਪਰ ਜਿੱਥੋਂ ਤੱਕ ਗੁਰਮਤਿ ਦੀ ਸ੍ਰਿਸ਼ਟੀ ਦੇ ਹਉਮੈ ਤੋਂ ਪੈਦਾ ਹੋਣ ਦਾ ਦ੍ਰਿਸ਼ਟੀਕੋਣ ਹੈ, ਇਹ ਗੱਲ ਸਪੱਸ਼ਟ ਕਰ ਦੇਣੀ ਉਚਿਤ ਹੈ ਕਿ ਗੁਰਮਤਿ ਪ੍ਰਕ੍ਰਿਤੀ ਨੂੰ ਕੋਈ ਸੁਤੰਤਰ ਤੱਤ ਨਹੀਂ ਮੰਨਦੀ ਅਤੇ ਨਾ ਹੀ ਮਹਤ ਨੂੰ ਕੋਈ ਵੱਖਰਾ ਸਥਾਨ ਦਿੰਦੀ ਹੈ।

ਗੁਰਮਤਿ ਅਨੁਸਾਰ ਹਉਮੈ ਦੀ ਉਤਪਤੀ ਨਾਮ ਨੂੰ ਭੁਲਾਣ ਨਾਲ ਹੁੰਦੀ ਹੈ। ਗੁਰੂ ਅਮਰਦਾਸ ਨੇ ਇਨ੍ਹਾਂ ਦੋਹਾਂ ਨੂੰ ਪਰਸਪਰ ਵਿਰੋਧੀ ਦੱਸਿਆ ਹੈ-'ਹਉਮੈ ਨਾਵੈ ਨਾਲਿ ਵਿਰੋਧ ਹੈ ਦੁਇ ਨਾ ਬਸਹਿ ਇਕ ਠਾਇ।' ਗੁਰੂ ਨਾਨਕ ਦੇਵ ਇਸ ਤੱਥ ਨੂੰ ਬੜੇ ਵਿਸਤਾਰ ਨਾਲ ਸਪੱਸ਼ਟ ਕਰਦੇ ਹੋਏ ਨਿਸ਼ਕਰਮ ਰੂਪ ਵਿਚ ਕਹਿੰਦੇ ਹਨ ਕਿ ਹਉਮੈ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਜਦੋਂ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਹਉਮੈ ਦੀ ਹੋਂਦ ਖਤਮ ਹੋ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਸੰਸਾਰ ਦੀ ਉਤਪਤੀ ਤੋਂ ਲੈ ਕੇ ਇਸ ਦੀ ਸਾਰੀ ਗਤੀ ਵਿਧੀ, ਹਉਮੈ ਦੁਆਰਾ ਪੈਦਾ ਕੀਤੀ ਅਤੇ ਚਲਾਈ ਜਾ ਰਹੀ ਹੈ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਨੇ ਦੱਸਿਆ ਹੈ ਕਿ ਹਉਮੈ ਕਰਕੇ ਮਨੁੱਖ ਸੰਸਾਰ ਵਿਚ ਜਨਮ ਲੈਂਦਾ ਹੈ, ਉਸੇ ਵਿਚ ਹੀ ਮਰਦਾ ਹੈ ਅਤੇ ਉਸੇ ਰਾਹੀਂ ਸੰਸਾਰਿਕ ਵਿਵਹਾਰ ਦੀ ਵਿਵਸਥਾ ਕਰਦਾ ਹੈ। ਇਸੇ ਰਾਹੀਂ ਉਹ ਧਨ ਕਮਾਂਦਾ ਹੈ ਅਤੇ ਉਸ ਨੂੰ ਨਸ਼ਟ ਵੀ ਕਰਦਾ ਹੈ। ਇਸੇ ਰਾਹੀਂ ਉਹ ਸੱਚ ਅਤੇ ਝੂਠ ਵਾਲੀ ਕਾਰਵਾਈ ਕਰਦਾ ਹੈ। ਇਸੇ ਕਰਕੇ ਉਹ ਨਰਕ ਅਤੇ ਸਵਰਗ ਦਾ ਭਾਗੀ ਬਣਦਾ ਹੈ। ਹਉਮੈ ਵਿਚ ਉਹ ਆਪਣੀ ਸਥਿਤੀ ਨੂੰ ਸੁਧਾਰਦਾ ਜਾਂ ਵਿਗਾੜਦਾ ਹੈ। ਹਉਮੈ ਕਰਕੇ ਉਹ ਮਾਯਾ ਦੇ ਬੰਧਨਾਂ ਵਿਚ ਉਲਝਦਾ ਹੈ। ਜਦ ਤਕ ਹਉਮੈ ਦੇ ਸਰੂਪ ਨੂੰ ਸਮਝਿਆ ਨਹੀਂ ਜਾਂਦਾ ਤਦ ਤਕ ਹੋਂਦ ਦੀ ਸਥਿਤੀ ਬਣੀ ਰਹਿੰਦੀ ਹੈ। ਇਹ ਵਿਅਕਤੀਗਤ ਹੋਂਦ ਸਮਾਜਿਕ ਹੋਂਦ ਬਣ ਜਾਣ ਨਾਲ ਸੰਸਾਰਕ ਹੋਂਦ ਦਾ ਰੂਪ ਧਾਰਣ ਕਰ ਲੈਂਦੀ ਹੈ। ਹਉਮੈ ਦੇ ਸਰੂਪ ਨੂੰ ਸਮਝਣ ਨਾਲ ਹੀ ਪਰਮਾਤਮਾ ਦੇ ਦੁਆਰ ਦਾ ਗਿਆਨ ਪ੍ਰਾਪਤ ਹੁੰਦਾ ਹੈ। ਜਦ ਤਕ ਵਾਸਤਵਿਕ ਗਿਆਨ ਪ੍ਰਾਪਤ ਨਹੀਂ ਹੁੰਦਾ ਤਕ ਤਕ ਸੰਸਾਰਕ ਪਰਪੰਚ ਦੀ ਪ੍ਰਕ੍ਰਿਆ ਜਾਰੀ ਰਹਿੰਦੀ ਹੈ :

ਹਉਮੈ ਬੁਝੈ ਤਾ ਦਰੁ ਸੂਝੈ।

ਗਿਆਨ ਵਿਹੂਣਾ ਕਥਿ ਕਥਿ ਲੂਝੈ। (ਪੰਨਾ 466)

**ਸ੍ਰਿਸ਼ਟੀ ਰਚਨਾ ਦੀ ਪ੍ਰਕ੍ਰਿਆ** : ਗੁਰਬਾਣੀ ਵਿਚ ਸ੍ਰਿਸ਼ਟੀ ਦੀ ਰਚਨਾ ਦਾ ਕ੍ਰਮ ਨਹੀਂ ਦੱਸਿਆ ਗਿਆ ਕਿਉਂਕਿ ਅਜਿਹਾ ਵਰਣਨ ਕਰਨਾ ਗੁਰੂ ਜੀ ਦੀ ਧਰਮ ਸਾਧਨਾ ਦਾ ਉਦੇਸ਼ ਨਹੀਂ ਸੀ। ਇਸ ਵਿਚ ਅਧਿਆਤਮਕ ਚਿੰਤਨ ਅਤੇ ਅਨੁਭਵ ਦਾ ਪ੍ਰਗਟਾਵਾ ਹੋਇਆ ਹੈ। ਇਸ ਸੰਬੰਧ ਵਿਚ ਜੋ ਤੁੱਕਾਂ ਜਾਂ ਸੰਕੇਤ ਮਿਲਦੇ ਹਨ ਉਨ੍ਹਾਂ ਦੇ ਆਧਾਰ ਤੇ ਕੁਝ ਰੂਪ-ਰੇਖਾ ਇਸ ਤਰ੍ਹਾਂ ਤਿਆਰ ਕੀਤੀ ਜਾ ਸਕਦੀ ਹੈ। ਪਰਮ ਸਤਿ ਸਰੂਪ ਪ੍ਰਮਾਤਮਾ ਦੀ ਪਹਿਲਾਂ ਅਪ੍ਰਗਟ ਅਤੇ ਨਿਰਲਿਪਤ ਨਿਰਗੁਣ ਅਵਸਥਾ ਸੀ। ਇਸ ਨੂੰ ਸੁੰਨ ਅਵਸਥਾ ਦਾ ਨਾਂ ਦਿੱਤਾ ਗਿਆ ਹੈ। ਇਸ ਨਿਰਗੁਣ ਅਵਸਥਾ ਤੋਂ ਹੀ ਸਰਗੁਣ ਰੂਪ ਸ੍ਰਿਸ਼ਟੀ ਦੀ ਉਤਪਤੀ ਹੋਈ- 'ਅਧਿਗਤੋ ਨਿਰਮਾਇਲੁ ਉਪਜੈ ਨਿਰਗੁਣ ਤੇ ਸਰਗੁਣ ਥੀਆ।' ਉਦੋਂ ਕੇਵਲ ਪਰਮਾਤਮਾ ਦਾ ਹੁਕਮ ਹੀ ਪਸਰਿਆ ਹੋਇਆ ਸੀ। ਹੁਕਮ ਦੇ ਨਾਲ ਹਉਮੈ ਦਾ ਜਨਮ ਹੋਇਆ ਅਤੇ ਫਿਰ ਸ੍ਰਿਸ਼ਟੀ ਦਾ ਵਿਸਤਾਰ ਹੋਇਆ।

'ਸਿਰੀ ਰਾਗ' ਵਿਚ ਗੁਰੂ ਨਾਨਕ ਦੇਵ ਨੇ ਦੱਸਿਆ ਹੈ ਕਿ ਸਭ ਤੋਂ ਪਹਿਲਾਂ ਸਤਿ ਸਰੂਪ ਤੋਂ ਪਵਨ ਪੈਦਾ ਹੋਇਆ, ਪਵਨ ਤੋਂ ਜਲ ਉਤਪਤੀ ਹੋਈ, ਜਲ ਤੋਂ ਤਿੰਨ ਲੋਕਾਂ-ਆਕਾਸ਼, ਪਾਤਾਲ ਅਤੇ ਮ੍ਰਿਤ ਲੋਕ ਦਾ ਨਿਰਮਾਣ ਹੋਇਆ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ। (ਪੰਨਾ 19)

'ਪਰਭਾਤੀ ਰਾਗ' ਵਿਚ ਲਿਖਿਆ ਹੈ ਕਿ ਪਰਮਾਤਮਾ ਨੇ ਜਲ ਤਰੰਗ, ਅਗਨੀ ਅਤੇ ਪਵਨਾਂ ਦੇ ਤਿੰਨ ਤੱਤਵ ਪੈਦਾ ਕਰਕੇ ਫਿਰ ਇਨ੍ਹਾਂ ਦੇ ਸੰਜੋਗ ਨਾਲ ਜਗਤ ਦੀ ਰਚਨਾ ਕੀਤੀ :

ਜਲ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ।
ਐਸਾ ਬਲੁ ਛਲੁ ਤਿੰਨ ਕਉ ਦੀਆ ਹੁਕਮੀ ਠਾਕਿ ਰਹਾਇਆ। (ਪੰਨਾ 1345)

ਇਕ ਥਾਂ ਤੇ ਲਿਖਿਆ ਹੈ ਕਿ ਪਰਮਾਤਮਾ ਨੇ ਆਪਣੇ ਹੱਥਾਂ ਨਾਲ ਸ੍ਰਿਸ਼ਟੀ ਦੀ ਰਚਨਾ ਕੀਤੀ। ਜਗਤ ਰੂਪੀ ਅੰਡੇ ਨੂੰ ਤੋੜ ਕੇ ਉਸ ਦੇ ਸੰਯੁਕਤ ਭਾਗਾਂ ਨੂੰ ਵੱਖ ਵੱਖ ਕੀਤਾ ਅਤੇ ਇਸ ਤਰ੍ਹਾਂ ਧਰਤੀ ਅਤੇ ਆਕਾਸ਼ ਵਿਚ ਆਪਣਾ ਨਿਵਾਸ-ਸਥਾਨ ਬਣਾਇਆ। ਫਿਰ ਉਸ ਨੇ ਰਾਤ ਅਤੇ ਦਿਨ, ਭੈਅ ਅਤੇ ਪ੍ਰੇਮ, ਤ੍ਰਿਦੇਵ ਅਤੇ ਹੋਰ ਦੇਵੀ ਦੇਵਤੇ ਪੈਦਾ ਕੀਤੇ। ਹੋਰ ਅਨੇਕ ਜੀਵ ਜਾਤੀਆਂ ਦੀ ਰਚਨਾ ਕੀਤੀ। ਇਸ ਤੋਂ ਬਾਅਦ ਚਾਰ ਵੇਦਾਂ, ਚਾਰ ਬਾਣੀਆਂ, ਅਨੇਕ ਬੋਲੀਆਂ, ਅਠਾਰਾਂ ਪੁਰਾਣਾਂ, ਛੇ ਸ਼ਾਸਤਰਾਂ ਅਤੇ ਤਿੰਨ ਗੁਣਾਂ ਨੂੰ ਪੈਦਾ ਕੀਤਾ :

ਆਪੇ ਸਚੁ ਕੀਆ ਕਰ ਜੋੜਿ।।
ਅੰਡਜ ਫੋੜਿ ਜੋੜਿ ਵਿਛੋੜਿ।।
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ।।
ਰਾਤਿ ਦਿਨੰਤੁ ਕੀਏ ਭਉ ਭਾਉ।।
ਜਿਨਿ ਕੀਏ ਕਰਿ ਵੇਖਣਹਾਰਾ।।
ਅਵਰੁ ਨ ਦੂਜਾ ਸਿਰਜਣਹਾਰਾ।।
ਚਉਥਿ ਉਪਾਇ ਚਾਰੇ ਬੇਦਾ।।
ਖਾਣੀ ਚਾਰੇ ਬਾਣੀ ਭੇਦਾ।।
ਅਸਟ ਦਸਾ ਖਟੁ ਤੀਨਿ ਉਪਾਏ।।
ਸੋ ਬੂਝੈ ਜਿਸੁ ਆਪਿ ਬੁਝਾਏ।। (ਪੰਨਾ 839)

ਸਪੱਸ਼ਟ ਹੈ ਕਿ ਇਸ ਪਉੜੀ ਵਿਚ ਸ੍ਰਿਸ਼ਟੀ ਦੀ ਉਤਪਤੀ ਇਕਦਮ ਹੋਈ ਨਹੀਂ ਮੰਨੀ ਗਈ, ਸਗੋਂ ਇਹ ਸਹਿਜੇ ਸਹਿਜੇ ਹੋਂਦ ਵਿਚ ਆਈ ਸੀ।

**ਸ੍ਰਿਸ਼ਟੀ ਦੀ ਅਨੰਤਤਾ** : ਸ੍ਰਿਸ਼ਟੀ ਕਿਤਨੀ ਵੱਡੀ ਹੈ ? ਇਸ ਬਾਰੇ ਆਪਣਾ ਮਤ ਪ੍ਰਗਟ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਪਰਮਾਤਮਾ ਦੀ ਕੁਦਰਤ ਦੇ ਕਿਤਨੇ ਹੀ ਰੂਪ ਹਨ, ਕਿਤਨੀਆਂ ਹੀ ਉਸ ਦੀਆਂ ਬਖਸ਼ੀਆਂ ਹੋਈਆਂ ਦਾਤਾਂ ਹਨ। ਕਿਤਨੇ ਹੀ ਜੀਵ ਅਤੇ ਕਿਤਨੇ ਹੀ ਉਨ੍ਹਾਂ ਦੇ ਰੂਪ ਹਨ, ਕਿਤਨੀਆਂ ਹੀ ਜਾਤੀਆਂ ਹਨ। ਪਰਮਾਤਮਾ ਦੁਆਰਾ ਪੈਦਾ ਕੀਤੇ ਕਿਤਨੇ ਹੀ ਜੀਵਾਂ ਵਿਚੋਂ ਕੋਈ ਮਾਸ ਖਾਣ ਵਾਲਾ ਹੈ ਤਾਂ ਕੋਈ ਘਾਹ ਖਾਣ ਵਾਲਾ। ਕੁਝ ਅਜਿਹੇ ਜੀਵ ਹਨ ਜੋ ਛੱਤੀ ਪ੍ਰਕਾਰ ਦੇ ਭੋਜਨ ਕਰਦੇ ਹਨ ਅਤੇ ਕੁਝ ਮਿੱਟੀ ਵਿਚ ਰਹਿ ਕੇ ਮਿੱਟੀ ਨੂੰ ਖਾਂਦੇ ਹਨ। ਉਪਾਸਨਾ ਢੰਗ ਵੀ ਅਨੇਕ ਤਰ੍ਹਾਂ ਹਨ :

ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ।।
ਇਕਨਾ ਛਤੀਹ ਅੰਮ੍ਰਿਤ ਪਾਹਿ।।
ਇਕਿ ਮਿਟੀਆ ਮਹਿ ਮਿਟੀਆ ਖਾਹਿ।।
ਇਕਿ ਪਉਣ ਸੁਮਾਰੀ ਪਉਣ ਸੁਮਾਰਿ।।
ਇਕਿ ਨਿਰੰਕਾਰੀ ਨਾਮ ਆਧਾਰਿ।।
ਜੀਵੈ ਦਾਤਾ ਮਰੈ ਨ ਕੋਇ।।
ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ।। (ਪੰਨਾ 144)

'ਜਪੁਜੀ' ਵਿਚ ਗੁਰੂ ਨਾਨਕ ਦੇਵ ਨੇ ਸ੍ਰਿਸ਼ਟੀ ਦੀ ਅਨੰਤਤਾ ਦਾ ਵਿਸਤਾਰ ਸਹਿਤ ਵਰਣਨ ਕੀਤਾ ਹੈ। ਪਾਤਾਲ, ਆਗਾਸ, ਗਿਆਨੀ, ਯੋਗੀ, ਸੰਸਾਰਕ ਵਸਤੂਆਂ ਆਦਿ ਕਿਸੇ ਦਾ ਵੀ ਕੋਈ ਅੰਤ ਨਹੀਂ। ਇਨ੍ਹਾਂ ਦੇ ਅਸੰਖਾਂ ਨਾਮ ਹਨ। ਇੱਥੋਂ ਤਕ ਕਿ ਇਨ੍ਹਾਂ ਨੂੰ ਅਸੰਖ ਕਹਿਣਾ ਵੀ ਉਚਿਤ ਨਹੀਂ ਕਿਉਂਕਿ ਇਹ ਗਿਣਤੀ ਦੀ ਕਿਸੇ ਸੀਮਾ ਵਿਚ ਨਹੀਂ ਆਉਂਦੇ।

**ਸ੍ਰਿਸ਼ਟੀ ਦਾ ਅੰਤ** : ਗੁਰਮਤਿ ਵਿਚ ਕੇਵਲ ਸ੍ਰਿਸ਼ਟੀ ਦੀ ਉਤਪਤੀ ਅਤੇ ਸੰਚਾਲਨ ਹੀ ਪਰਮਾਤਮਾ ਦੁਆਰਾ ਨਹੀਂ ਮੰਨਿਆ ਗਿਆ, ਸਗੋਂ ਉਸ ਦੇ ਖੈ ਹੋਣ ਜਾਂ ਨਸ਼ਟ ਹੋਣ ਦਾ ਕਾਰਣ ਸਰੂਪ ਪਰਮਾਤਮਾ ਹੀ ਦੱਸਿਆ ਗਿਆ ਹੈ। ਅਸਲ ਵਿਚ, ਇਹ ਸ੍ਰਿਸ਼ਟੀ ਉਸ ਤੋਂ ਪੈਦਾ ਹੋ ਕੇ ਫਿਰ ਉਸ ਵਿਚ ਹੀ ਲੀਨ ਹੋ ਜਾਂਦੀ ਹੈ-'ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।'

ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਆਪਣੀ ਇੱਛਾ ਅਨੁਸਾਰ ਕਰਦਾ ਹੈ ਅਤੇ ਆਪਣੀ ਇੱਛਾ ਅਨੁਸਾਰ ਆਪਣੇ ਵਿਚ ਸਮੋ ਲੈਂਦਾ ਹੈ।ਇਸ ਦਾ ਅੰਤ ਜਾਂ ਵਿਲੀਨਤਾ ਕਦ ਹੋਵੇਗੀ, ਇਸ ਸੰਬੰਧ ਵਿਚ ਗੁਰ ਵਾਕ ਹੈ :

'ਜਾ ਕਰਤਾ ਸਿਰਠੀ ਕਉ ਸਾਜੈ ਆਪੇ ਜਾਣੈ ਸੋਈ।।'

**ਸ੍ਰਿਸ਼ਟੀ ਦਾ ਸਰੂਪ**

ਗੁਰਬਾਣੀ ਵਿਚ ਇਸ ਪਰਥਾਇ ਦੋ ਪ੍ਰਕਾਰ ਦੇ ਕਥਨ ਮਿਲਦੇ ਹਨ :

1) ਸ੍ਰਿਸ਼ਟੀ ਅਸਤਿ ਹੈ, ਮਿਥਿਆ ਹੈ।
2) ਸ੍ਰਿਸ਼ਟੀ ਸਤਿ ਹੈ।

ਪਹਿਲੀ ਸਥਾਪਨਾ ਬਾਰੇ ਜ਼ਿਆਦਾ ਕਥਨ ਮਿਲਦੇ ਹਨ। ਜਗਤ ਸੱਚ ਹੈ, ਇਸ ਬਾਰੇ ਘੱਟ ਤੁੱਕਾਂ ਮਿਲਦੀਆਂ ਹਨ। ਹੁਣ ਇਨ੍ਹਾਂ ਦੋਹਾਂ ਕਥਨਾਂ ਬਾਰੇ ਕੁਝ ਵਿਸਤਾਰ ਨਾਲ ਗੱਲ ਕਰਨੀ ਉਚਿਤ ਹੋਵੇਗੀ।

**ਸ੍ਰਿਸ਼ਟੀ ਅਸਤਿ ਹੈ** : ਇਸ ਬਾਰੇ ਦੋ ਤਰ੍ਹਾਂ ਦੇ ਢੰਗ ਵਰਤੇ ਗਏ ਹਨ। ਇਕ ਸਾਧਾਰਣ ਢੰਗ ਅਤੇ ਦੂਜਾ ਉਪਮਾਨ/ਦ੍ਰਿਸ਼ਟਾਂਤ ਢੰਗ। ਸਾਧਾਰਣ ਵਿਧੀ ਵਿਚ ਵੀ ਦੋ ਗੱਲਾਂ ਉਭਰੀਆਂ ਹਨ। ਇਹ ਸ੍ਰਿਸ਼ਟੀ ਨਾਸ਼ਮਾਨ ਹੈ ਅਤੇ ਇਹ ਸ੍ਰਿਸ਼ਟੀ ਮਿਥਿਆ ਹੈ।

ਗੁਰੂ ਨਾਨਕ ਦੇਵ ਜੀ ਨੇ 'ਦੁਨੀਆਂ ਮੁਕਾਮੇ ਫ਼ਾਨੀ' ਕਹਿ ਕੇ ਇਸ ਦੀ ਨਾਸ਼ਮਾਨਤਾ ਨੂੰ ਸਪੱਸ਼ਟ ਕੀਤਾ ਹੈ। ਇਹ ਸੰਸਾਰ ਕੇਵਲ ਚਾਰ ਦਿਨਾਂ ਦਾ ਖੇਲ ਤਮਾਸ਼ਾ ਹੈ-'ਨਾਨਕ ਦੁਨੀਆਂ ਚਾਰਿ ਦਿਹਾੜੇ ਸੁਖਿ ਕੀਤੈ ਦੁਖ

ਹੋਈ।' ਸਿਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸਥਾਈ ਨਿਵਾਸ ਬਣਾਉਣ ਵਾਲੇ ਯੋਗੀ ਜਾਂ ਫਕੀਰ ਨੂੰ ਸੰਬੋਧਨ ਕਰਦੇ ਹੋਇਆਂ ਕਿਹਾ ਹੈ ਕਿ ਜਿਸ ਨੂੰ ਸਥਾਈ ਨਿਵਾਸ ਬਣਾ ਬੈਠਾ ਹੈ, ਉਹ ਅਸਲ ਵਿਚ ਸਥਾਈ ਨਿਵਾਸ ਨਹੀਂ ਕਿਉਂਕਿ ਇਹ ਸਾਰਾ ਸੰਸਾਰ ਆਣ ਜਾਣ ਵਾਲਾ ਹੀ ਹੈ। ਆਕਾਸ਼ ਅਤੇ ਧਰਤੀ, ਦਿਨ ਅਤੇ ਸੂਰਜ, ਰਾਤ ਅਤੇ ਚੰਦ੍ਰਮਾ, ਤਾਰੇ ਆਦਿ ਸਭ ਨਾਸ਼ਮਾਨ ਹਨ। ਸਥਾਈ ਤੌਰ ਤੇ ਤਾਂ ਕੇਵਲ ਪਰਮਾਤਮਾ ਹੀ ਰਹਿਣ ਵਾਲਾ ਹੈ, ਬਾਕੀ ਸਭ ਨਾਸ਼ਮਾਨ ਹੈ :

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ।।
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ।।
ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ।।
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ।।੮।।
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ।।
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ।।੯।। (ਪੰਨਾ 64)

ਗੁਰੂ ਸਾਹਿਬਾਨ ਦਾ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਇਸ ਸ੍ਰਿਸ਼ਟੀ ਦੀ ਕਿਸੇ ਵਸਤੂ ਵਿਚ ਸਥਾਈਪਨ ਨਹੀਂ ਹੈ। ਸੁਲਤਾਨ, ਖਾਨ, ਬਾਦਸ਼ਾਹ, ਚੌਧਰੀ, ਰਾਜਾ, ਪਰਜਾ, ਮੁਖੀਆ, ਸਰਦਾਰ ਆਦਿ ਸਾਰੇ ਨਾਸ਼ਮਾਨ ਹਨ। ਕਾਜ਼ੀ ਹੋਵੇ, ਚਾਹੇ ਸ਼ੇਖ ਆਖਿਰ ਵਿਚ ਸਭ ਨੇ ਮਰਨਾ ਹੀ ਹੈ। ਮਾਝ ਰਾਗ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ :

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।
ਹਟ ਪਟਣ ਬਾਜਾਰ ਹੁਕਮੀ ਢਹਸੀਓ।
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ।।
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ।।
ਤਾਜੀ ਰਥ ਤੁਖਾਰ ਹਾਥੀ ਪਾਖਰੇ।।
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।।
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।।
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ।। (ਪੰਨਾ 141)

ਗੁਰਬਾਣੀ ਵਿਚ ਜਗਤ ਨੂੰ ਅਨੇਕ ਥਾਵਾਂ ਤੇ ਮਿਥਿਆ ਵੀ ਕਿਹਾ ਗਿਆ ਹੈ। 'ਆਸਾ ਦੀ ਵਾਰ' ਵਿਚ ਲਿਖਿਆ ਹੈ ਕਿ ਰਾਜਾ, ਪਰਜਾ, ਸੰਸਾਰ, ਚੌਬਾਰੇ, ਸੋਨਾ, ਚਾਂਦੀ, ਜ਼ੇਵਰ, ਕਾਯਾ, ਕਪੜੇ, ਰੰਗ, ਰੂਪ, ਮੀਆਂ, ਬੀਵੀ, ਸਭ ਮਿਥਿਆ ਹਨ, ਝੂਠੇ ਹਨ। ਮਿਥਿਆ ਵਿਚ ਉਲਝੇ ਜੀਵ ਦਾ ਮਿਥਿਆ ਦੇ ਨਾਲ ਹੀ ਮੋਹ ਅਥਵਾ ਪ੍ਰੇਮ ਪੈ ਚੁੱਕਿਆ ਹੈ। ਇਹ ਸੰਸਾਰ ਚਲਾਇਮਾਨ ਹੈ, ਫਿਰ ਕਿਸੇ ਨਾਲ ਪ੍ਰੇਮ ਅਤੇ ਮਿੱਤਰਤਾ ਕਾਇਮ ਕਰਨ ਦਾ ਕੀ ਲਾਭ ਹੋ ਸਕਦਾ ਹੈ? ਗੁਰੂ ਨਾਨਕ ਦੇਵ ਅਨੁਸਾਰ :

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ। (ਪੰਨਾ 468)

ਗੁਰਬਾਣੀ ਵਿਚ ਜਗਤ ਦੀ ਨਾਸ਼ਵਾਨਤਾ ਦਾ ਵਰਣਨ ਕਰਨ ਲਈ ਦੂਜਾ ਢੰਗ, ਉਪਮਾਨ-ਦ੍ਰਿਸ਼ਟਾਂਤ ਦੀ ਵਰਤੋਂ ਦਾ ਹੈ। ਇਸ ਨੂੰ ਬਾਜ਼ੀਗਰ ਦੀ ਬਾਜ਼ੀ, ਚੋਪੜ ਦੀ ਖੇਡ ਆਦਿ ਕਹਿ ਕੇ ਨਾਸ਼ਵਾਨਤਾ ਸੂਚਕ ਉਪਮਾਨ ਵਰਤੇ ਗਏ ਹਨ। ਇਹ ਮਦਾਰੀ ਦੇ ਖੇਲ ਵਰਗਾ ਹੈ। ਇਹ ਸੂਤ ਦੇ ਧਾਗੇ ਵਰਗਾ ਕੱਚਾ ਹੈ। ਇਸ ਨੂੰ ਦਸਾਂ ਦਿਸ਼ਾਵਾਂ ਵਿਚ ਮਾਇਆ ਨੇ ਬੰਨ੍ਹ ਰਖਿਆ ਹੈ। ਇਸ ਨੂੰ ਅਗਿਆਨ ਦੀਆਂ ਗੱਠਾਂ ਪਈਆਂ ਹੋਈਆਂ ਹਨ। ਬਿਨਾਂ ਗੁਰੂ ਦੇ ਗਿਆਨ ਅਥਵਾ ਪੱਥ-ਪ੍ਰਦਰਸ਼ਨ ਤੋਂ ਇਹ ਗੱਠਾਂ ਨਹੀਂ ਖੁੱਲਦੀਆਂ, ਭਾਵੇਂ ਜਿਤਨੇ ਮਰਜ਼ੀ ਯਤਨ ਕਰ ਲਏ

ਜਾਣ :-

ਇਹੁ ਜਗੁ ਤਾਗੋ ਸੂਤ ਕੋ ਭਾਈ ਦਹਦਿਸ ਬਾਧੋ ਮਾਇ।।
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ।। (ਪੰਨਾ 635)

ਇਹ ਸ੍ਰਿਸ਼ਟੀ ਕਜਲੇ ਵਰਗੀ ਕਾਲਖ ਭਰੀ ਹੈ। ਤਨ, ਮਨ, ਦੇਹ, ਸਭ ਸੁਆਹ ਵਰਗੇ ਹਨ। ਇਸ ਦਾ ਰੰਗ ਭਸਮ ਵਰਗਾ ਹੈ। ਇਸ ਵਿਚ ਲੀਨ ਹੋਣ ਨਾਲ ਭਸਮ ਹੋਰ ਵੀ ਅਧਿਕ ਹੋ ਜਾਂਦੀ ਹੈ :

ਨਾਨਕ ਦੁਨੀਆਂ ਭਸੁ ਰੰਗ ਭਸੂਹੂ ਭਸੁ ਖੇਹ।।
ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ।।
ਜੋ ਜੀਉ ਬਿਚਹੁ ਕਢੀਐ ਭਸੂ ਭਰਿਆ ਜਾਇ।।
ਅਗੈ ਲੇਖੇ ਮੰਗੀਐ ਹੋਰ ਦਸੂਣੀ ਪਾਇ।।

**ਸ੍ਰਿਸ਼ਟੀ ਸੱਚੀ ਹੈ** : ਇਸ ਤੱਥ ਬਾਰੇ ਵੀ ਗੁਰਬਾਣੀ ਵਿਚ ਕਈ ਤੁੱਕਾਂ ਮਿਲ ਜਾਂਦੀਆਂ ਹਨ। 'ਆਸਾ ਦੀ ਵਾਰ' ਵਿਚ ਖੰਡ, ਬ੍ਰਹਿਮੰਡ, ਲੋਕ, ਆਕਾਰ, ਵਿਚਾਰ, ਹਕੂਮਤ, ਦਰਬਾਰ ਸਭ ਕੁਝ ਸੱਚਾ ਹੈ। ਸੱਚੇ ਪਾਤਿਸ਼ਾਹ ਦੀ ਸਾਰੀ ਕੁਦਰਤ, ਸਾਰੀ ਸ੍ਰਿਸ਼ਟੀ ਸੱਚੀ ਹੈ:

'ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ।' (ਪੰਨਾ 463) ਇੱਥੇ ਹੀ ਅੱਗੇ ਚਲ ਕੇ ਲਿਖਿਆ ਹੈ-'

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ। (ਪੰਨਾ 463)

ਇਸ ਤਰ੍ਹਾਂ ਵੇਖੀਏ ਤਾਂ ਇਕ ਪਾਸੇ ਜਗਤ ਨੂੰ ਝੂਠਾ ਮੰਨਿਆ ਗਿਆ ਹੈ ਅਤੇ ਦੂਜੇ ਪਾਸੇ ਸੱਚਾ। ਇਹ ਦੋਵੇਂ ਵਿਚਾਰ ਆਪਸ ਵਿਚ ਮੇਲ ਨਹੀਂ ਖਾਂਦੇ, ਇਸ ਲਈ ਇੰਜ ਪ੍ਰਤੀਤ ਹੁੰਦਾ ਹੈ ਕਿ ਸ੍ਰਿਸ਼ਟੀ ਦੇ ਸਰੂਪ ਸੰਬੰਧੀ ਗੁਰਬਾਣੀ ਵਿਚ ਸਵੈ-ਵਿਰੋਧ ਹੈ। ਪਰ ਇਸ ਪ੍ਰਕਾਰ ਦੇ ਸਿਧਾਂਤਕ ਨਿਰਣੇ ਲਈ ਕੁਝ ਕੁ ਤੁੱਕਾਂ ਨੂੰ ਹੀ ਆਧਾਰ ਨਹੀਂ ਬਣਾਇਆ ਜਾ ਸਕਦਾ, ਇਸ ਲਈ ਸਮੁੱਚੀ ਬਾਣੀ ਦੀ ਭਾਵਨਾ ਨੂੰ ਵਿਚਾਰਨਾ ਹੋਵੇਗਾ। ਜੇ ਸ੍ਰਿਸ਼ਟੀ ਸੱਚਮੁਚ ਸੱਚੀ ਹੁੰਦੀ ਤਾਂ ਫਿਰ ਇਸ ਨੂੰ ਝੂਠਾ ਕਿਉਂ ਕਿਹਾ ਜਾਂਦਾ ਹੈ। ਇਸ ਗੱਲ ਨੂੰ ਵਿਚਾਰਨ ਲਈ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰਬਾਣੀ ਅਦ੍ਵੈਤਵਾਦੀ ਬਿਰਤੀ ਵਾਲੀ ਅਨੁਭੂਤੀ ਨੂੰ ਪ੍ਰਗਟ ਕਰਦੀ ਹੈ। ਇਸ ਤੋਂ ਇਲਾਵਾ ਗੁਰਬਾਣੀ ਵਿਚ ਕੋਈ ਅੰਤਰ-ਵਿਰੋਧ ਨਹੀਂ। ਗੁਰੂ ਨਾਨਕ ਦੇਵ ਅਤੇ ਹੋਰ ਗੁਰੂ ਸਾਹਿਬਾਨ ਜਗਤ ਨੂੰ ਮਾਇਆ ਦਾ ਸਾਕਾਰ ਰੂਪ ਮੰਨਦੇ ਹਨ। ਸਾਰੀ ਸ੍ਰਿਸ਼ਟੀ ਪਰਿਵਰਤਨਸ਼ੀਲ ਹੈ। ਫਿਰ ਇਸ ਨੂੰ ਸੱਚ ਕਿਵੇਂ ਮੰਨਿਆ ਜਾ ਸਕਦਾ ਹੈ। ਸੱਚ ਪਰਿਵਰਤਨਸ਼ੀਲ ਨਹੀਂ ਹੁੰਦਾ। ਫਿਰ ਸੁਆਲ ਉੱਠਦਾ ਹੈ ਕਿ ਗੁਰੂ ਜੀ ਨੇ ਜਗਤ ਨੂੰ ਸਤਿ ਕਿਉਂ ਮੰਨਿਆ ਹੈ। ਉੱਤਰ ਸਪੱਸ਼ਟ ਹੈ ਕਿ ਜੇ ਸ੍ਰਿਸ਼ਟੀ ਦੇ ਉਤਪਾਦਨ ਕਾਰਣ ਨੂੰ ਸੱਚ ਮੰਨਿਆ ਜਾਏ ਤਾਂ ਉਸ ਦੇ ਕਾਰਜ ਨੂੰ ਵੀ ਸੱਚ ਮੰਨਣਾ ਹੋਵੇਗਾ-'ਨਾਨਕ ਸਚੇ ਕੀ ਸਾਚੀ ਕਾਰ।' ਸੰਸਾਰ ਦਾ ਉਤਪਾਦਕ ਕਾਰਣ ਅਸੱਤ ਨਹੀਂ ਹੋ ਸਕਦਾ, ਤਾਂ ਫਿਰ ਉਸ ਦੁਆਰਾ ਪੈਦਾ ਕੀਤਾ ਹੋਇਆ ਜਗਤ ਕਿਵੇਂ ਅਸੱਤ ਹੋ ਸਕਦਾ ਹੈ, ਉਹ ਅਵੱਸ਼ ਹੀ ਸੱਚ ਹੋਵੇਗਾ ਅਤੇ ਨਾਲ ਹੀ ਹਰ ਇਕ ਵਸਤੂ ਦੀ ਸੱਤਾ ਸਾਹਮਣੇ ਦਿਖ ਰਹੀ ਹੈ। ਇੱਥੇ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਕਾਰਣ ਤੋਂ ਕਾਰਜ ਦੀ ਉਤਪਤੀ ਹੁੰਦੀ ਹੈ। ਕਾਰਣ ਦੇ ਮੂਲ ਵਿਚ ਜੋ ਵਿਰਾਜਮਾਨ ਹੈ, ਉਹੀ ਕਾਰਜ ਵਿਚ ਪ੍ਰਗਟ ਹੁੰਦਾ ਹੈ।

ਪਰ ਯਾਦ ਰਹੇ ਕਿ ਕਾਰਜ (ਜਗਤ) ਅਜਿਹਾ ਸੱਚ ਨਹੀਂ ਜਿਹੋ ਜਿਹਾ ਉਪਾਦਾਨ ਕਾਰਣ (ਪਰਮਾਤਮਾ) ਸੱਚਾ ਹੈ। ਅਸਲ ਵਿਚ, ਪਰਮਾਤਮਾ ਦਾ ਸੱਚ ਪਰਮਾਰਥਿਕ ਹੈ ਅਤੇ ਜਗਤ ਦਾ ਵਿਵਹਾਰਿਕ ਸੱਚ ਹੈ। ਗੁਰੂ ਨਾਨਕ ਦੇਵ ਦਾ ਜੀਵਨ-ਮਾਰਗ ਨਿਵ੍ਰਿਤੀ ਮੂਲਕ ਨਹੀਂ ਸੀ। ਵਿਵਹਾਰ ਵਿਚ ਉਹ ਨਿਸ਼ਕਾਮ ਕਰਮ ਕਰਨ ਵਿਚ ਯਕੀਨ ਰੱਖਦੇ ਸਨ। ਉਹ ਗ੍ਰਹਿਸਥੀ ਵਾਲਾ ਜੀਵਨ ਬਤੀਤ ਕਰਦੇ ਸਨ। ਉਹ ਸੰਸਾਰਕ ਜੀਵਨ ਬਤੀਤ ਕਰਦੇ ਹੋਏ ਮੋਹ ਮਾਇਆ ਤੋਂ ਪਰੇ ਜਾਂ ਉੱਚੇ ਰਹਿੰਦੇ ਸਨ। ਜਲ ਵਿਚ ਕਮਲ ਵਾਂਗ ਰਹਿਣਾ, ਉਨ੍ਹਾਂ ਦਾ ਉਪਦੇਸ਼ ਸੀ। ਇਸ ਲਈ ਨਿਸ਼ਕਾਮ ਕਰਮ ਉਨ੍ਹਾਂ ਲਈ ਸ਼ੁੱਭ ਅਤੇ ਸਰਬ ਸ੍ਰੇਸ਼ਠ ਕਰਮ ਸਨ। ਜਗਤ, ਅਸਲ ਵਿਚ, ਕਰਮ-

ਭੂਮੀ ਹੈ। ਕਰਮ-ਖੇਤਰ ਹੋਣ ਦੇ ਨਾਤੇ ਹੀ ਇਸ ਜਗਤ ਨੂੰ ਸੱਚ ਮੰਨਿਆ ਗਿਆ ਹੈ। ਇਸ ਤਰ੍ਹਾਂ ਇਹ ਵਿਵਹਾਰਕ ਸੱਚ ਹੈ। ਜੇ ਜਗਤ ਸੱਚਮੁਚ ਸੱਚਾ ਹੁੰਦਾ ਤਾਂ ਗੁਰੂ ਜੀ ਮਾਇਆ ਦੇ ਸਿਧਾਂਤ ਦੀ ਗੱਲ ਹੀ ਨਾ ਛੇੜਦੇ। ਉਨ੍ਹਾਂ ਨੇ ਤਾਂ ਥਾਂ ਥਾਂ ਤੇ ਮਾਇਆ ਤੋਂ ਕਿਨਾਰਾ ਕਰਨ ਦੀ ਪ੍ਰੇਰਨਾ ਦਿੱਤੀ ਹੈ।

ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਜਗਤ ਨੂੰ ਅਵਾਸਤਵਿਕ ਅਤੇ ਅਸਤਿ ਮੰਨ ਕੇ ਕੇਵਲ ਵਿਵਹਾਰ ਦੇ ਖੇਤਰ ਵਿਚ ਹੀ ਇਸ ਨੂੰ ਤਿਆਗਣ ਯੋਗ ਨਹੀਂ ਮੰਨਿਆ। ਕਿਉਂਕਿ ਜੇ ਇਸ ਨੂੰ ਤਿਆਗ ਦਿੱਤਾ ਗਿਆ ਤਾਂ ਮਾਨਵ ਜੀਵਨ ਦੀ ਮੋਖ-ਪ੍ਰਾਪਤੀ ਜਾਂ ਈਸ਼ਵਰੀ ਮਿਲਾਪ ਦੀ ਸਾਰੀ ਕਾਰਵਾਈ ਦਾ ਮੂਲ ਹੀ ਖਤਮ ਹੋ ਜਾਂਦਾ ਹੈ। ਪਰਮਾਰਥਿਕ ਦ੍ਰਿਸ਼ਟੀ ਤੋਂ ਤਾਂ ਜਗਤ ਤਿਆਗਣ ਯੋਗ ਹੈ ਕਿਉਂਕਿ ਇਹ ਨਾਸ਼ਮਾਨ ਹੈ। ਅਜਿਹੀ ਭਾਵਨਾ ਦੇ ਵਿਕਸਿਤ ਹੋ ਜਾਣ ਤੋਂ ਬਾਅਦ ਹੀ ਮਨੁੱਖ ਅਧਿਆਤਮਿਕਤਾ ਵੱਲ ਵੱਧ ਸਕਦਾ ਹੈ। ਗੁਰੂ ਜੀ ਦਾ ਉਦੇਸ਼ ਮਨੁੱਖ ਨੂੰ ਸਹੀ ਮਾਰਗ ਉੱਤੇ ਲਿਆਉਣਾ ਸੀ। ਉਨ੍ਹਾਂ ਨੇ ਸੰਸਾਰਕ ਪਦਾਰਥਾਂ ਅਤੇ ਸੰਬੰਧਾਂ ਪ੍ਰਤਿ ਅਰੁਚੀ ਦਿਖਾਉਣ ਲਈ ਇਸ ਦੇ ਸਹੀ ਸਰੂਪ ਨੂੰ ਸਪੱਸ਼ਟ ਕੀਤਾ ਹੈ।

ਅਸਲ ਵਿਚ ਜਗਤ ਦਾ ਮੂਲਾਧਾਰ ਤੱਤ ਬ੍ਰਹਮ ਹੈ। ਬ੍ਰਹਮ ਹੀ ਪਰਮਾਰਥਿਕ ਸੱਤਾ ਹੈ ਅਤੇ ਉਹ ਸਰਵ-ਵਿਆਪਕ ਵੀ ਹੈ। ਇਸ ਜਗਤ ਦੀ ਉਤਪਤੀ ਅਤੇ ਸਥਿਤੀ ਉਸ ਸਤਿ ਸਰੂਪ ਤੋਂ ਹੋਈ ਹੈ। ਸਤਿ ਸਰੂਪ ਪਰਮਾਤਮਾ ਤੋਂ ਬਿਨਾਂ ਜਗਤ ਦੀ ਹੋਂਦ ਸੰਭਵ ਹੀ ਨਹੀਂ। ਇਸ ਲਈ ਪਰਮਾਰਥਿਕ ਦ੍ਰਿਸ਼ਟੀ ਤੋਂ ਜਗਤ ਸੱਚਾ ਨਹੀਂ ਹੈ, ਪਰ ਵਿਵਹਾਰਕ ਦ੍ਰਿਸ਼ਟੀ ਤੋਂ ਹਰ ਚੀਜ਼ ਦੀ ਹੋਂਦ ਹੈ। ਇਸ ਲਈ ਇਹ ਸੰਸਾਰ ਅਤੇ ਇਸ ਦੀ ਹਰ ਵਸਤੂ ਵਿਵਹਾਰਕ ਤੌਰ ਤੇ ਸੱਚੀ ਹੈ, ਪਰਮਾਰਥਕ ਤੌਰ ਤੇ ਨਹੀਂ। ਇਸ ਤਰ੍ਹਾਂ ਗੁਰਬਾਣੀ ਅਨੁਸਾਰ ਸੰਸਾਰ ਨਾਸ਼ਮਾਨ ਹੈ। ਕੇਵਲ ਪਰਮ-ਸੱਤਾ, ਬ੍ਰਹਮ, ਸੱਚਾ ਅਤੇ ਸਥਾਈ ਤੱਤ ਹੈ। ਇਸ ਵਾਸਤੇ ਗੁਰਮਤਿ ਵਿਚਾਰਧਾਰਾ ਵਿਚ ਸੰਸਾਰ ਅਤੇ ਬ੍ਰਹਮ ਬਾਰੇ ਕਿਸੇ ਕਿਸਮ ਦਾ ਕੋਈ ਸਿਧਾਂਤਕ ਵਿਰੋਧ ਨਹੀਂ। ਸਹੀ ਜੁਗਤ ਨਾਲ ਵਿਚਾਰ ਕਰਨ ਤੇ ਸੰਸਾਰ ਜਾਂ ਸ੍ਰਿਸ਼ਟੀ ਦਾ ਨਾਸ਼ਮਾਨ ਰੂਪ ਸਪੱਸ਼ਟ ਹੋ ਜਾਂਦਾ ਹੈ।

ਪਾਠ ਨੰ : 2.2

# ਸ਼ਹਾਦਤ

## ਭੂਮਿਕਾ

ਇਸ ਪਾਠ ਵਿਚ ਵਿਦਿਆਰਥੀਆਂ ਨੂੰ 'ਸ਼ਹਾਦਤ' ਦੇ ਸੰਕਲਪ ਨਾਲ ਪਰਿਚਤ ਕਰਵਾਉਂਦਿਆਂ ਹੋਇਆਂ ਸਿੱਖ-ਧਰਮ ਅਤੇ ਸ਼ਹਾਦਤ ਪਰੰਪਰਾ ਦੇ ਨੇੜਲੇ ਸੰਬੰਧਾਂ ਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਸਿੱਖ ਇਤਿਹਾਸ ਦੀਆਂ ਦੋ ਮਹਾਨ ਸ਼ਹਾਦਤਾਂ (ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ) ਜਿਹੜੀਆਂ ਧਾਰਮਿਕ ਅਜਾਦੀ ਅਤੇ ਵਿਅਕਤੀ ਸਤਿਕਾਰ ਲਈ ਦਿੱਤੀਆਂ ਗਈਆਂ ਦੇ ਕਾਰਣਾਂ, ਤਰੀਕਿਆਂ ਅਤੇ ਉਹਨਾਂ ਦੇ ਪ੍ਰਭਾਵਾਂ ਨੂੰ ਇਸ ਪਾਠ ਵਿਚ ਅਤੇ ਜਿਹੜੀਆਂ ਅਜ਼ਾਦੀ ਉਜਾਗਰ ਕੀਤਾ ਗਿਆ ਹੈ।

## ਸ਼ਹਾਦਤ, ਅਰਥ ਅਤੇ ਉਦੇਸ਼

ਸ਼ਹੀਦ ਦਾ ਅਰਥ ਹੈ ਸ਼ਹਾਦਤ ਦੇਣ ਵਾਲਾ, ਤਸਦੀਕ ਕਰਨ ਵਾਲਾ, ਸਾਖੀ ਭਰਨ ਵਾਲਾ, ਸਾਕਸ਼ੀ। ਸ਼ਹਾਦਤ ਅਰਬੀ ਜ਼ਬਾਨ ਦਾ ਲਫਜ ਹੈ ਜਿਸ ਦਾ ਅਰਥ ਹੈ ਸੱਚੀ ਗਵਾਹੀ, ਅੱਖੀਂ ਡਿੱਠੀ ਜਾਂ ਹੱਡ ਵਰਤੀ ਮਿਸਾਲ, ਸਬੂਤ ਦੇ ਤੌਰ ਤੇ ਸ਼ਾਹਦ ਅਰਥਾਤ ਸ਼ਹਾਦਤ ਦੇਣ ਵਾਲਾ ਤੋਂ ਬਣਿਆ ਹੈ ਜੋ ਲਹਿੰਦੀ ਪੰਜਾਬੀ ਦਾ ਸ਼ਬਦ 'ਸ਼ਾਹਦੀ' ਵੀ ਸ਼ਹਾਦਤ ਜਾਂ ਗਵਾਹੀ ਦਾ ਸਮਾਨ ਆਰਥਕ ਹੈ। ਇਸ ਤਰ੍ਹਾਂ ਭਾਵੇਂ ਆਮ ਵਰਤੋਂ ਵਿਚ ਸ਼ਹਾਦਤ ਦੇਣ ਦਾ ਅਰਥ ਕਚਹਿਰੀ ਵਿਚ ਗਵਾਹੀ ਦੇਣ ਤੋਂ ਵੀ ਹੈ, ਪਰੰਤੂ ਸਿੱਖ ਇਤਿਹਾਸ 'ਸ਼ਹਾਦਤ' ਸ਼ਬਦ ਆਪਣਾ ਇਕ ਵਿਸ਼ੇ ਸ਼ ਅਰਥ ਰੱਖਦਾ ਹੈ ਜਿਸ ਦਾ ਬਦਲ ਭਾਵੇਂ ਅਕਸਰ ਬਲੀਦਾਨ ਜਾਂ ਕੁਰਬਾਨੀ ਵਰਤਿਆ ਜਾਂਦਾ ਹੈ, ਪਰ ਇਹ ਪਿਛਲੇਰੇ ਸ਼ਬਦ ਪੂਰੀ ਤਰ੍ਹਾਂ ਸ਼ਹਾਦਤ ਦੇ ਤੁਲ ਨਹੀਂ ਹਨ। ਕੁਰਬਾਨੀ ਤਾਂ ਕਿਸੇ ਹੋਰ ਵਸਤੂ ਜਾਂ ਜਾਨਵਰ ਦੀ ਵੀ ਦਿੱਤੀ ਜਾ ਸਕਦੀ ਹੈ ਜਾਂ ਬਲੀ ਦਾ ਅਰਥ ਵੀ ਮੂਲ ਰੂਪ ਵਿਚ ਭੇਟਾ ਹੈ, ਆਪਣੇ ਇਸ਼ਟ-ਦੇਵ ਨੂੰ ਭੇਟਾ ਅਤੇ ਬਲਿਦਾਨ ਦਾ ਅਰਥ ਹੈ ਬਲੀ ਦੇਣ ਜਾਂ ਚੜ੍ਹਾਉਣ ਦੀ ਕਿਰਿਆ। ਸ਼ਹਾਦਤ ਦਾ ਅਰਥ ਹੈ ਆਪਣੀ ਕੁਰਬਾਨੀ, ਆਤਮ-ਬਲੀਦਾਨ ਕਿਸੇ ਸੱਚ ਜਾਂ ਅਸੂਲ ਦੀ ਸਾਖੀ (ਸ਼ਾਹਦੀ) ਆਪਣੀ ਜਾਨ ਤੇ ਖੇਡ ਕੇ ਕਰਨੀ। ਸ਼ਹੀਦ ਕੁਰਬਾਨ ਕੀਤਾ ਨਹੀਂ ਜਾਂਦਾ, ਕੁਰਬਾਨ ਹੁੰਦਾ ਹੈ, ਉਹ ਵੀ ਆਪਣੇ ਨਿੱਜੀ ਹਿਤ ਸੁਆਰਥ ਲਈ ਨਹੀਂ, ਕਿਸੇ ਉਚੇਰੇ ਮਕਸਦ ਲਈ, ਕਿਸੇ ਉੱਚੇ ਅਸੂਲ ਲਈ।

ਗੁਰੂ ਸਾਹਿਬ ਦੀ ਸ਼ਹਾਦਤ ਇਕ ਉੱਚੇ ਅਤੇ ਜ਼ਿਹਨੀ ਤੇ ਸੁੱਚੇ ਅਸੂਲ ਲਈ ਸੀ ਜਾਂ ਇਹ ਕਹਿ ਸਕਦੇ ਹਾਂ ਕਿ ਦੋ ਮੁੱਖ ਅਸੂਲਾਂ ਲਈ। ਉਹ ਸਨ ਧਾਰਮਿਕ ਅਜ਼ਾਦੀ ਦਾ ਪੱਖ ਲੈਣਾ ਅਤੇ ਜਬਰ ਜ਼ੁਲਮ ਤੇ ਅਨਿਆਂ ਦੀ ਮੁਖਾਲਫਤ। ਇਹ ਦੋਵੇਂ ਮੁੱਢ ਤੋਂ ਹੀ ਸਿੱਖ ਧਰਮ ਦੇ ਅਥਵਾ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੇ ਥੰਮਾਂ ਵਿਚ ਰਹੇ ਹਨ। ਗੁਰੂ ਨਾਨਕ ਦੇਵ ਜੀ ਧਾਰਮਿਕ ਆਜ਼ਾਦੀ ਦੇ ਏਨੇ ਹਾਮੀ ਸਨ ਕਿ ਕਈਆਂ ਦੇ ਵਿਚਾਰ ਵਿਚ ਉਨ੍ਹਾਂ ਨੇ ਆਪਣੇ ਜਾਂ ਕਿਸੇ ਵੀ ਮੱਤ ਵਿਸ਼ੇਸ਼ ਦਾ ਪ੍ਰਚਾਰ ਹੀ ਨਹੀਂ ਕੀਤਾ। ਉਹ ਤਾਂ ਹਰ ਕਿਸੇ ਨੂੰ ਆਪਣੇ ਆਪਣੇ ਮੱਤ ਨੂੰ ਸਹੀ ਅਰਥਾਂ ਵਿਚ ਜਾਣਨ ਅਤੇ ਉਸ ਦਾ ਪਾਲਣ ਕਰਨ ਦੀ ਸਿੱਖਿਆ ਦੇਂਦੇ ਸਨ। ਏਥੋਂ ਤਕ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਮਿਰਤਕ ਦੇਹ ਤੇ ਹਿੰਦੂ ਅਤੇ ਮੁਸਲਮਾਨ ਪੈਰੋਕਾਰਾਂ ਵਿਚ ਉਨ੍ਹਾਂ ਦੇ ਅੰਤਿਮ ਸੰਸਕਾਰ ਬਾਰੇ ਮਤ ਭੇਦ ਹੋ ਗਿਆ। ਹਿੰਦੂ ਦਾਹ ਸੰਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ 'ਆਪਣੇ ਪੀਰ' ਨੂੰ ਆਪਣੀ ਮਰਯਾਦਾ ਅਨੁਸਾਰ ਦਫਨਾਉਣ ਲਈ ਬਜ਼ਿਦ ਸਨ। ਗੁਰੂ ਅਰਜਨ ਦੇਵ ਜੀ ਦੀ ਧਾਰਮਿਕ ਵਿਸ਼ਾਲਤਾ ਦਾ ਸਬੂਤ, ਉਨ੍ਹਾਂ ਦੁਆਰਾ ਸੰਕਲਿਤ ਕੀਤੇ ਹੋਏ ਗੁਰੂ ਗ੍ਰੰਥ ਸਾਹਿਬ ਹਨ ਜਿਸ ਵਿਚ ਸਿੱਖ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਨਾਲ ਹਿੰਦੂ ਅਤੇ ਮੁਸਲਮਾਨ ਭਗਤਾਂ ਦੀ ਰਚਨਾ ਨੂੰ ਵੀ ਬਰਾਬਰ ਦਰਜਾ ਦਿੱਤਾ ਗਿਆ ਹੈ। ਹੁਣ ਇਹ 'ਸ਼ਬਦ ਗੁਰੂ' ਦੀ 'ਧੁਰ ਦੀ ਬਾਣੀ ਆਈ' ਵਿਚ ਗੁਰੂ ਨਾਨਕ ਦੇਵ ਜੀ ਦਾ 'ਇਕਓਂਕਾਰ' ਕਬੀਰ ਦਾ 'ਸਾਵਲ ਸੁੰਦਰ ਰਾਮਈਆ' ਅਤੇ ਫਰੀਦ

ਦਾ 'ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ' ਸਭ ਬਰਾਬਰੀ ਤੇ ਸੁਭਾਇਮਾਨ ਹਨ।

ਇਸੇ ਤਰ੍ਹਾਂ ਜ਼ੋਰ-ਜ਼ੁਲਮ ਅਤੇ ਅਨਿਆਂ ਦੇ ਖਿਲਾਫ ਆਵਾਜ਼ ਗੁਰੂ ਨਾਨਕ ਦੇਵ ਜੀ ਤੋ ਲੈ ਕੇ ਹੀ ਉਠਾਈ ਜਾ ਰਹੀ ਸੀ ਅਤੇ ਸਾਰੇ ਗੁਰੂ ਸਾਹਿਬਾਨ ਪੀੜਤ ਅਤੇ ਦੁਖੀ ਜਨਤਾ ਦੀ ਹਾਮੀ ਭਰਦੇ ਅਤੇ ਉਸ ਨੂੰ ਤਸੱਲੀ ਦੇਂਦੇ ਆ ਰਹੇ ਸਨ। ਲੇਕਿਨ ਜਾਬਰ ਅਤੇ ਅੰਨ੍ਹੇ-ਬੋਲੇ, ਅਧਿਕਾਰੀ ਉਪਦੇਸ਼ ਦੀ ਆਵਾਜ਼ ਕਦੋਂ ਸੁਣਦੇ ਸਨ ? ਅਗਲਾ ਕਦਮ ਤਦ ਸ਼ਾਂਤਮਈ ਪ੍ਰਤੀਰੋਧ ਹੋ ਸਕਦਾ ਸੀ ਜੋ ਸ਼ਾਇਦ ਜ਼ਾਲਮ ਦੀ ਜ਼ਮੀਰ ਨੂੰ ਝੰਜੋੜ ਸਕੇ ਜਾਂ ਮਜ਼ਲੂਮ ਪਰਜਾ ਨੂੰ ਆਪਣੀ ਮਜ਼ਲੂਮੀਅਤ ਦਾ ਅਹਿਸਾਸ ਕਰਾਕੇ ਉਭਾਰ ਨਾ ਸਕੇ ਤਾਂ ਘੱਟੋ-ਘੱਟ ਚੇਤੰਨ ਕਰ ਸਕੇ। ਗੁਰੂ ਸਾਹਿਬਾਨਾਂ ਦੀਆਂ ਸ਼ਹੀਦੀਆਂ ਇਸੇ ਪਾਸੇ ਇਕ ਯਤਨ ਸਨ।

**ਇਨ੍ਹਾਂ ਦੋਹਾਂ ਸ਼ਹਾਦਤਾਂ ਦਾ ਮੁਕਾਬਲਾ**

ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਿਚ ਲਗਭਗ 70 ਸਾਲ ਦੀ ਵਿੱਥ ਹੈ। ਇਨ੍ਹਾਂ ਵਿਚ ਕਈ ਗੱਲਾਂ ਸਾਂਝੀਆਂ ਅਤੇ ਕੁਝ ਫਰਕ ਵੀ ਸਨ। ਦੋਵੇਂ ਸ਼ਹੀਦੀਆਂ ਮੁਲਕ ਦੇ ਸਰਬਉੱਚ ਅਧਿਕਾਰੀ ਅਰਥਾਤ ਵਕਤ ਦੇ ਮੁਗਲ ਬਾਦਸ਼ਾਹਾਂ ਦੇ ਹੁਕਮ ਨਾਲ ਹੋਈਆਂ। ਗੁਰੂ ਅਰਜਨ ਦੇਵ ਜੀ ਦੀ ਹੱਤਿਆ ਜਹਾਂਗੀਰ ਨੇ ਕਰਵਾਈ ਅਤੇ ਉਨ੍ਹਾਂ ਦੇ ਪੋਤੇ, ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਜੀ ਦੀ ਹੱਤਿਆ ਕਰਵਾਈ। ਕਾਰਨ ਦੋਵੇਂ ਵਾਰ ਮਿਲੇ-ਜੁਲੇ ਧਾਰਮਿਕ ਅਤੇ ਸਿਆਸੀ ਸਨ। ਜਿੱਥੇ ਜਹਾਂਗੀਰ ਦੀ ਕਾਰਵਾਈ ਕੁਝ ਹਿੰਦੂ ਧਰਮ ਵਿਰੋਧੀ ਤੱਤਾਂ ਦੀਆਂ ਚੁੱਕਾਂ ਅਤੇ ਆਪਣੇ ਪੁੱਤਰ ਖੁਸਰੋ ਦੀ ਬਗਾਵਤ ਕਾਰਨ ਵਕਤੀ ਗੁੱਸੇ ਤੋਂ ਪ੍ਰਭਾਵਿਤ ਸੀ, ਉੱਥੇ ਔਰੰਗਜ਼ੇਬ ਦੀ ਜ਼ਾਲਮਾਨਾ ਹਰਕਤ ਉਸ ਦੀ ਸੋਚੀ ਸਮਝੀ ਕੱਟੜ ਰਾਜਨੀਤੀ ਦਾ ਨਤੀਜਾ ਸੀ। ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਨੇ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰਵਾ ਕੇ ਆਪਣੇ ਸਾਹਮਣੇ ਪੇਸ਼ ਕਰਕੇ ਤਸੀਹੇ ਦੇਣ ਲਈ ਮੁਰਤਜਾ ਖਾਨ ਦੇ ਹਵਾਲੇ ਕੀਤਾ, ਪਰ ਗੁਰੂ ਤੇਗ ਬਹਾਦਰ ਖੁਦ ਸ਼ਹੀਦੀ ਦੇਣ ਦੇ ਇਰਾਦੇ ਨਾਲ ਆਨੰਦਪੁਰ ਤੋਂ ਚੱਲੇ ਅਤੇ ਹੌਲੀ ਹੌਲੀ ਰਾਹ ਵਿਚ ਸੰਗਤਾਂ ਨੂੰ ਜਾਗਰੂਕ ਕਰਦੇ ਹੋਏ, ਆਗਰੇ ਵੱਲ ਗਏ ਅਤੇ ਇਸੇ ਦੌਰਾਨ ਦੂਰ ਹਸਨ ਅਬਦਾਲ ਬੈਠੇ ਔਰੰਗਜ਼ੇਬ ਨੇ ਸੁਣ ਕੇ ਉਨ੍ਹਾਂ ਨੂੰ ਕਤਲ ਕਰਨ ਦਾ ਹੁਕਮ ਜਾਰੀ ਕੀਤਾ। ਜਿੱਥੇ ਗੁਰੂ ਅਰਜਨ ਦੇਵ ਜੀ ਨੂੰ ਹੌਲੀ ਹੌਲੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਉੱਥੇ ਗੁਰੂ ਤੇਗ ਬਹਾਦਰ ਦਾ ਸੀਸ ਤਲਵਾਰ ਦੇ ਇਕੋ ਵਾਰ ਨਾਲ ਕਲਮ ਕੀਤਾ ਗਿਆ। ਦੋਹਾਂ ਗੁਰੂ ਸਾਹਿਬਾਨ ਨੂੰ ਮੌਤ ਤੋਂ ਪਹਿਲਾਂ ਡਰਾ ਧਮਕਾ ਕੇ ਇਸਲਾਮ ਵਿਚ ਆਉਣ ਦੀ ਦਾਅਵਤ ਦਿੱਤੀ ਗਈ ਅਤੇ ਦੋਹਾਂ ਨੇ ਉਸ ਨੂੰ ਠੁਕਰਾ ਕੇ, ਮੌਤ ਨੂੰ ਖੁਸ਼ੀ ਨਾਲ ਗੱਲ ਲਾਇਆ। ਦੋਹਾਂ ਸ਼ਹਾਦਤਾਂ ਦੇ ਜੁਗ ਪਲਟਾਊ ਨਤੀਜੇ ਨਿਕਲੇ।

**ਧਾਰਮਿਕ ਅਤੇ ਸਿਆਸੀ ਪੱਖ**

ਕੋਈ ਦੋ ਦਹਾਕੇ ਹੋਏ ਜਦ ਇਤਿਹਾਸ ਦੇ ਇਕ ਪ੍ਰਸਿੱਧ ਸਿੱਖ ਪ੍ਰੋਫੈਸਰ ਨੇ ਇਹ ਕਹਿ ਦਿੱਤਾ ਕਿ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸਿਆਸੀ ਕਾਰਨਾਂ ਕਰਕੇ ਹੋਈ ਤਾਂ ਉਸ ਦੀ ਬੜੀ ਮੁਖਾਲਫਤ ਹੋਈ, ਜੋ ਅਜੀਬ ਲੱਗਦੀ ਹੈ ਕਿਉਂਕਿ ਹਰ ਵੱਡਾ ਛੋਟਾ ਵਿਦਵਾਨ ਮੰਨਦਾ ਹੈ ਕਿ ਸਿੱਖੀ ਵਿਚ ਧਰਮ ਅਤੇ ਸਿਆਸਤ ਦਾ, ਪੀਰੀ ਅਤੇ ਮੀਰੀ ਦਾ, ਭਗਤੀ ਅਤੇ ਸ਼ਕਤੀ ਦਾ, ਦੇਗ ਅਤੇ ਤੇਗ ਦਾ, ਸੰਤ ਅਤੇ ਸਿਪਾਹੀ ਦਾ ਸੁਮੇਲ ਹੈ। ਸਿੱਖੀ ਇਕ ਬਾਹਰਮੁਖੀ, ਗਤੀਸ਼ੀਲ ਅਤੇ ਕ੍ਰਿਆਸ਼ੀਲ ਧਰਮ ਹੈ ਜਿਸ ਵਿਚ ਕੇਵਲ ਵਿਅਕਤੀਗਤ ਮੁਕਤੀ ਨਹੀਂ ਬਲਕਿ ਸਰਵਜਨਕ ਭਲਾਈ ਦਾ ਲਕਸ਼ ਪ੍ਰਧਾਨ ਹੈ। ਇਸ ਲਈ ਨਿੱਜੀ ਨਹੀਂ ਸਰਬਤ ਦਾ ਭਲਾ ਮੰਗਣਾ ਅਤੇ ਸਰਬਤ ਦੇ ਭਲੇ ਲਈ ਉੱਦਮ ਕਰਨ ਦਾ ਉਪਦੇਸ਼ ਹੈ। ਜੇ ਗੱਲ ਨਿਰੋਲ ਧਰਮ ਦੀ ਹੋਵੇ, ਤਾਂ ਵੀ ਧਰਮ ਦੀ ਰੱਖਿਆ ਕਰਨਾ ਵੀ ਧਰਮ ਹੈ। ਸਿੱਖ ਗੁਰੂਆਂ ਨੇ ਉਸ ਸਮਾਜਕ ਪ੍ਰਬੰਧ ਦਾ ਜ਼ੋਰਦਾਰ ਖੰਡਨ ਕੀਤਾ ਜਿਸ ਵਿਚ ਧਰਮ ਕਰਮ ਕਿਸੇ ਇਕ ਵਰਗ ਵਿਸ਼ੇਸ਼ ਦੀ ਅਜਾਰੇਦਾਰੀ ਹੋਵੇ ਅਤੇ ਧਰਮ ਦੀ ਰਾਖੀ ਦਾ ਜ਼ਿੰਮੇਵਾਰ ਕੋਈ ਹੋਰ ਵਰਗ ਹੋਵੇ ਅਤੇ ਇਨ੍ਹਾਂ ਦੋਹਾਂ ਦੇ ਭਰਨ-ਪੋਖਣ ਅਤੇ ਸੁੱਖ ਆਰਾਮ ਲਈ ਕਮਾਈ ਕੋਈ ਹੋਰ ਕਰੇ। ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਮਾਤਰ ਲਈ ਪੂਰਨ ਆਜ਼ਾਦੀ ਹੈ, ਧਰਮ ਦੀ ਵੀ ਅਤੇ ਕਰਮ ਦੀ ਵੀ, ਕਰਮ ਕਰਨਾ ਵੀ ਸਿੱਖ

ਧਰਮ ਹੈ। (ਕਰਮ ਦਾ ਅਰਥ ਕਰਮ ਕਾਂਡ ਨਹੀਂ ਸਮਾਜਿਕ ਤੌਰ ਤੇ ਲਾਭਕਾਰੀ ਕਰਮ ਹੈ)।

ਦੂਜੇ ਪਾਸੇ ਸਿਆਸਤ ਦਾ ਅਰਥ ਕੀ ਹੈ ? ਸ਼ਬਦਕੋਸ਼ਾਂ ਅਨੁਸਾਰ, ਰਾਸ਼ਟਰ ਅਤੇ ਰਾਜ ਸੰਬੰਧੀ ਗਿਆਨ ਅਤੇ ਕਲਾ ਦਾ ਨਾਉ ਸਿਆਸਤ ਹੈ। ਰਾਜ ਸੱਤਾ ਹਥਿਆਉਣ ਅਤੇ ਕਾਇਮ ਰੱਖਣ ਲਈ ਉੱਦਮ, ਚਾਲਾਂ, ਢੰਗ ਆਦਿ ਲਈ ਵਿਸ਼ੇਸ਼ਣ ਸਿਆਸੀ ਵਰਤਿਆ ਜਾਂਦਾ ਹੈ। ਜਦੋਂ ਸਿਆਸੀ ਸੱਤਾ ਸਰਵਜਨਕ ਭਲਾਈ ਦੇ ਧਾਰਮਿਕ ਲਕਸ਼ ਦੇ ਉਲਟ ਚੱਲੇ ਤਾਂ ਨਤੀਜਾ ਇਕ ਟਕਰਾਉ ਦੀ ਸ਼ਕਲ ਵਿਚ ਨਿਕਲਣਾ ਕੁਦਰਤੀ ਹੈ। ਅਜਿਹਾ ਟਕਰਾਉ ਧਾਰਮਿਕ ਵੀ ਹੈ ਅਤੇ ਸਿਆਸੀ ਵੀ, ਕਿਉਂਕਿ ਰਾਜ ਜਾਂ ਸਰਕਾਰ ਨਾਲ ਸੰਬੰਧ ਰੱਖਣ ਵਾਲਾ ਹਰ ਕੰਮ ਸਿਆਸੀ ਅਖਵਾਉਂਦਾ ਹੈ। ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਅਤੇ ਸਮੁੱਚੀ ਸਿੱਖ ਕੌਮ ਦੀ ਵਕਤ ਦੀਆਂ ਸਰਕਾਰਾਂ ਨਾਲ ਮਨੁੱਖੀ ਆਜ਼ਾਦੀ ਅਤੇ ਸਰਵਜਨਕ ਭਲਾਈ ਦੇ ਹਿੱਤ ਵਿਚ ਹੋਈ ਟੱਕਰ ਧਾਰਮਿਕ ਵੀ ਸੀ ਅਤੇ ਸਿਆਸੀ ਵੀ।

ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਗੱਲ ਕਰਦਿਆਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਇਨ੍ਹਾਂ ਦੇ ਕਾਰਣ ਧਾਰਮਿਕ ਵੀ ਸਨ ਅਤੇ ਸਿਆਸੀ ਵੀ। ਇਹ ਕੋਈ ਨਿੱਜੀ ਦੁਸ਼ਮਣੀ ਕਾਰਨ ਰੋਜ਼ ਦਿਹਾੜੀ ਕੀਤੇ ਜਾਂਦੇ ਆਮ ਕਤਲ ਨਹੀਂ ਸਨ। ਇਨ੍ਹਾਂ ਦੇ ਸਹੀ ਮੁਲਾਂਕਣ ਲਈ ਇਨ੍ਹਾਂ ਦੇ ਵਿਸ਼ਾਲ ਪਿਛੋਕੜ ਉੱਤੇ ਝਾਤ ਮਾਰ ਲੈਣੀ ਲਾਭਕਾਰੀ ਹੋਵੇਗੀ।

**ਵਿਸ਼ਾਲ ਪਿਛੋਕੜ**

ਹਜ਼ਾਰਾਂ ਸਾਲ ਹੋਏ ਆਰੀਆ ਜਾਤੀ ਦੇ ਲੋਕ ਹਿੰਦੁਸਤਾਨ ਵਿਚ ਆਏ। ਏਥੇ ਵਸਦੀਆਂ ਜਾਤੀਆਂ ਨੂੰ ਜਿੱਤ ਕੇ ਆਪ ਵੀ ਪੱਕੇ ਤੌਰ ਤੇ ਏਥੇ ਵੱਸ ਗਏ। ਨਵੀਆਂ ਅਤੇ ਪੁਰਾਣੀਆਂ ਸਭਿਆਤਾਵਾਂ ਦੇ ਮੇਲ ਨਾਲ ਏ ਥੇ ਹਿੰਦੂ ਸਭਿਅਤਾ ਦਾ ਵਿਕਾਸ ਹੋਇਆ ਜੋ ਏਨੀ ਮਜ਼ਬੂਤ ਸੀ ਕਿ ਇਸ ਤੋਂ ਬਾਅਦ ਆਉਣ ਵਾਲੇ ਅਤੇ ਆਪਣੇ ਹੀ ਅੰਦਰੋਂ ਉਠੇ ਵਿਦਰੋਹੀ ਜਾਂ ਸੰਪਰਦਾਈ ਧਾਰਮਿਕ ਅਤੇ ਸਭਿਆਚਾਰਕ ਤੱਤਾਂ ਨੂੰ ਆਪਣੇ ਵਿਚ ਹੀ ਸਮੋਅ ਲੈਂਦੀ ਰਹੀ, ਜਿਸ ਕਾਰਨ ਹਿੰਦੂ ਸਭਿਅਤਾ ਦੀ ਇਕਹਿਰੀ ਹੋਂਦ ਕਾਇਮ ਰਹੀ, ਪਰੰਤੂ ਜਦੋਂ ਅੱਠਵੀਂ ਸਦੀ ਈਸਵੀ ਅਤੇ ਉਸ ਤੋਂ ਬਾਅਦ ਇਸਲਾਮ ਦੇ ਹੱਲੇ ਭਾਰਤ ਤੇ ਸ਼ੁਰੂ ਹੋਏ ਤਾਂ ਹਿੰਦੂ ਸਭਿਅਤਾ ਉਸ ਨੂੰ ਆਪਣੇ ਨਾਲ ਇਕ ਸੁਰ ਨਾ ਕਰ ਸਕੀ ਭਾਵੇਂ ਇਸਲਾਮ ਵੀ ਇਸ ਉੱਤੇ ਹਾਵੀ ਨਾ ਹੋ ਸਕਿਆ। ਦੋ ਮਜ਼ਬੂਤ ਸਭਿਆਤਾਵਾਂ (ਜਾਂ ਇਉਂ ਕਹੋ ਕਿ ਦੋ ਧਰਮਾਂ ਕਿਉਂਕਿ ਦੋਵੇਂ ਆਪਣੇ ਆਪਣੇ ਮਜਬੂਤ ਧਾਰਮਿਕ ਅਕੀਦਿਆਂ ਤੇ ਕਾਇਮ ਰਹੇ ) ਦੇ ਟਕਰਾਉ ਵਿਚ ਹਿੰਦੂ ਪਰਜਾ ਪਿਸ ਗਈ। ਰਾਜ-ਸੱਤਾ ਮੁਸਲਮਾਨਾਂ ਦੇ ਹੱਥ ਵਿਚ ਸੀ, ਅਤੇ ਉਨ੍ਹਾਂ ਦਾ ਹੁਕਮਰਾਨ ਤਬਕਾ ਧਾਰਮਿਕ ਕੱਟੜਤਾ ਦਾ ਸ਼ਿਕਾਰ ਸੀ। ਹੁਕਮਰਾਨ ਤੋਂ ਮੁਰਾਦ ਏਥੇ ਹਾਕਮਾਂ ਦੇ ਨਾਲ ਉਨ੍ਹਾਂ ਦੇ ਧਾਰਮਿਕ ਆਗੂ ਮੁੱਲਾਂ, ਮੁਲਾਣੇ, ਸ਼ੇਖ, ਮੁਫਤੀ, ਕਾਜ਼ੀ, ਸੱਯਦ, ਪੀਰ ਵੀ ਹਨ। ਹੁਕਮਰਾਨ, ਜੋ ਸਿਆਸੀ ਤੌਰ ਤੇ ਬੇਕਿਰਕ ਰਾਜ-ਸੱਤਾ ਦੇ ਮਾਲਕ ਅਤੇ ਜਾਬਰ ਅਤੇ ਧਾਰਮਿਕ ਤੌਰ ਤੇ ਇਸਲਾਮ ਨੂੰ ਫੈਲਾਉਣਾ ਆਪਣਾ ਧਰਮ ਸਮਝਣ ਵਾਲੇ ਕੱਟੜ ਬੁਤਸ਼ਿਕਨ ਸਨ, ਆਪਣੀ ਹਿੰਦੂ ਪਰਜਾ ਨੂੰ ਕਾਫੀ ਦਬਾਅ ਰਹੇ ਸਨ ਅਤੇ ਹਿੰਦੂ ਪਰਜਾ ਆਪਣੇ ਘੱਟ ਗਿਣਤੀ ਧਰਮ-ਰੱਖਿਅਕ ਰਾਜਪੂਤ ਵਰਗ ਦੀ ਹਾਰ ਪਿੱਛੋਂ ਮਜ਼ਬੂਰ ਅਤੇ ਬੇਬਸ, ਨਿਢਾਲ ਹੋ ਕੇ ਸਹਿਮੀ ਹੋਈ ਸੀ। ਖੁਦ ਸਦੀਆਂ ਤੋਂ ਲੜਾਕੂ ਅਖਵਾਉਣ ਵਾਲੇ ਕਸ਼ੱਤ੍ਰੀ ਆਪਣੀਆਂ ਲੜਨ ਮਰਨ ਦੀਆਂ ਰਵਾਇਤਾਂ ਭੁਲਾ ਕੇ ਮੁਸਲਮਾਨ ਹਾਕਮਾਂ ਦੇ ਵਫਾਦਾਰ ਚਾਕਰ ਜਾਂ ਹੱਟੀਆਂ ਤੇ ਬਹਿਣ ਵਾਲੇ ਕਸ਼ੱਤ੍ਰੀ ਤੋਂ ਖੱਤਰੀ ਬਣ ਚੁੱਕੇ ਸਨ ਅਤੇ ਹਾਕਮਾਂ ਦੀ ਬੋਲੀ ਅਤੇ ਪਹਿਰਾਵਾ ਬੇ-ਝਿਜਕ ਆਪਣਾ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਬਾਰੇ ਦੁਖੀ ਹੋ ਕੇ ਕਿਹਾ :

ਖਤ੍ਰੀਆ ਤਾਂ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।। (ਪੰਨਾ 663)

ਅਤੇ ਬ੍ਰਾਹਮਣਾਂ ਬਾਰੇ ਵੀ :

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ।।

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।। (ਪੰਨਾ 471)

ਹੇਠਲੇ ਦੋਵੇਂ ਵਰਗ ਤਾਂ ਪਹਿਲਾਂ ਵੀ ਬ੍ਰਾਹਮਣ ਕਸ਼ੱਤ੍ਰੀ ਗੁੱਟ ਦੇ ਗੋਲੇ ਹੀ ਰਹੇ ਸਨ ਅਤੇ ਹੁਣ ਵੀ ਗੋਲੇ ਹੀ ਸਨ। ਉਹਨਾਂ ਵਿਚੋਂ ਬਹੁਤਿਆਂ ਨੇ ਤਾਂ ਮੁਸਲਮਾਨ ਬਣ ਕੇ ਆਜ਼ਾਦੀ ਲਈ ਤਾਂ ਜੋ ਕਮ-ਅਜ਼-ਕਮ ਸਮਾਜੀ ਬਰਾਬਰੀ ਹਾਸਲ ਕਰ ਲੈਣ।

ਇਨ੍ਹਾਂ ਹਾਲਤਾਂ ਵਿਚ ਭਗਤੀ ਲਹਿਰ ਦੇ ਕੁਝ ਸੰਤਾਂ ਅਤੇ ਕੁਝ ਮੁਸਲਮਾਨ ਸੂਫੀਆਂ ਨੇ ਇਹਨਾਂ ਦੋ ਮਹਾਨ ਸਭਿਆਤਾਵਾਂ ਵਿਚਾਲੇ ਪਾੜ ਨੂੰ ਕੁਝ ਘੱਟ ਕਰਨ ਦਾ ਜਤਨ ਕੀਤਾ ਜੋ ਕਾਫੀ ਨਹੀਂ ਸੀ। ਇਸੇ ਕਾਰਨ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਅਧਿਆਤਮਿਕ ਜਾਨਸ਼ੀਨਾਂ ਨੇ ਇਕ ਨਵੇਂ ਸਰਬ ਸਾਂਝੇ ਸਮਾਜ ਦਾ ਗਠਨ ਅਰੰਭਿਆ, ਜਿਸ ਨੂੰ ਸਿੱਖੀ, ਸੰਗਤ ਪੰਥ ਆਦਿ ਨਾਮ ਮਿਲੇ। ਇਸ ਵਿਚ ਦੋਹਾਂ ਧਰਮਾਂ ਦੇ ਸਰਬ ਪ੍ਰਵਾਣ ਅਸੂਲਾਂ (ਜਿਵੇਂ ਇਸਲਾਮ ਦੀ ਵਾਹਦਤ, ਬਰਾਬਰੀ ਅਤੇ ਜਮਾਤ; ਅਤੇ ਹਿੰਦੂ ਮਤ ਦੇ ਜਨਮ ਮਰਨ, ਅਦ੍ਵੈਤ ਅਤੇ ਸ਼ਰਧਾ ਭਗਤੀ ਆਦਿ) ਤੋਂ ਇਲਾਵਾ ਕੁਝ ਨਵੇਂ ਤੱਤ ਵੀ ਸਨ (ਜਿਵੇਂ ਹੁਕਮ ਨਦਰ ਨਾਮ, ਸ਼ਬਦ, ਜੀਵਨ-ਮੁਕਤੀ ਆਦਿ) ਜਿਨ੍ਹਾਂ ਨੂੰ ਦੋਹਾਂ ਪਾਸਿਆਂ ਦੇ ਕੁਝ ਲੋਕਾਂ ਨੇ ਸਲਾਹਿਆ ਅਤੇ ਅਪਨਾਇਆ ਵੀ, ਪਰ ਦੋਹਾਂ ਪਾਸਿਆਂ ਦੇ ਕੱਟੜ ਪੰਥੀਆਂ ਨੇ ਭਰਪੂਰ ਮੁਖਾਲਫਤ ਵੀ ਕੀਤੀ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੀਕ ਸਿੱਖ ਪੰਥ ਦੀ ਇਕ ਦ੍ਰਿੜ੍ਹ ਵੱਖਰੀ ਹੋਂਦ ਦਿੱਸਣ ਲੱਗ ਪਈ ਸੀ। ਇਕ ਸਮਾਜ ਦੇ ਰੂਪ ਵਿਚ ਐਸਾ ਸੰਗਠਨ ਆ ਚੁੱਕਾ ਸੀ ਕਿ ਵਕਤ ਦੇ ਹਾਕਮਾਂ ਨੂੰ ਇਸ ਦੇ ਇਕ ਸਿਆਸੀ ਇਕਾਈ ਹੋਣ ਦਾ ਝਾਉਲਾ ਪੈਣ ਲੱਗਾ। ਗੁਰੂ ਦਾ ਸ਼ਾਹਾਨਾ ਜਲੌਅ ਸੀ। ਉਹ ਆਪਣੇ ਵਸਾਏ ਨਗਰਾਂ ਅਤੇ ਦੂਰ ਨੇੜੇ ਸਿੱਖਾਂ ਦਾ ਸੱਚਾ ਪਾਤਸ਼ਾਹ ਸੀ, ਉਸ ਦੇ ਸੁਤੰਤਰ, ਵਿਸ਼ਾਲ ਮਾਇਕ ਸਾਧਨ ਸਨ ਅਤੇ ਉਸ ਦੇ ਸ਼ਰਧਾਲੂ ਸਿੱਖ (ਜੋ ਭਾਵੇਂ ਬਹੁਤ ਕਰਕੇ ਹਿੰਦੂਆਂ ਵਿਚੋਂ ਸਨ ਪਰ ਕੁਝ ਮੁਸਲਮਾਨਾਂ ਵਿਚੋਂ ਵੀ ਸਨ) ਗੁਰੂ ਦੇ ਹੁਕਮ ਤੇ ਆਪਣੀ ਜਿੰਦ ਜਾਨ ਵਾਰਨ ਨੂੰ ਆਪਣਾ ਸੁਭਾਗ ਸਮਝਦੇ ਸਨ। ਉਹ ਸ਼ਾਹੀ ਫੌਜ ਦੇ ਤਨਖਾਹਦਾਰ ਨੌਕਰ ਜਾਂ ਜਬਰਦਸਤੀ ਬਣਾਏ ਗੁਲਾਮ ਨਹੀਂ, ਬਲਕਿ ਬਿਨ ਮੁੱਲ ਦੇ 'ਬੈਖਰੀਦ ਦਾਸਰੇ' ਸਨ ਜੋ 'ਸੀਸੁ ਵਢੇ ਕਰਿ ਬੈਸਨੁ ਦੀਜੈ ਵਿਣੁ ਸਿਰ ਸੇਵ ਕਰੀਜੈ, ਵਿਚ ਵਿਸ਼ਵਾਸ ਰੱਖਦੇ ਸਨ। ਇਸ ਹਾਲਤ ਵਿਚ ਹਿੰਦੂ-ਮੁਸਲਿਮ ਗੁਰੂ ਦੋਖੀਆਂ ਦਾ ਸਾਂਝਾ ਅਤੇ ਵਕਤ ਦੇ ਹਾਕਮਾਂ ਦੀ ਘਬਰਾਹਟ ਕੋਈ ਅਜੀਬ ਗੱਲ ਨਹੀਂ, ਭਾਵੇਂ ਗੁਰੂ ਦੀ ਕਹਿਣੀ ਕਰਨੀ ਤਾਂ ਇਹ ਸੀ ਕਿ

**''ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।''**

**ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ**

ਜਦੋਂ ਤੀਕ ਜਹਾਂਗੀਰ ਦੀ ਤੋਜ਼ਕਿ-ਜਹਾਂਗੀਰੀ (ਆਤਮ-ਕਥਾ) ਰੋਸ਼ਨੀ ਵਿਚ ਨਹੀਂ ਸੀ ਆਈ, ਸਿੱਖ ਇਤਿਹਾਸਕਾਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਤਸੀਹਿਆਂ ਦਾ ਮੁਖ ਦੋਸ਼ੀ ਚੰਦੂ ਸ਼ਾਹ ਨੂੰ ਗਰਦਾਨਦੇ ਰਹੇ ਕਿਉਂਕਿ ਉਹ ਆਪਣੀ ਬੇਟੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਜੀ ਨਾਲ ਕਰਨਾ ਨਾ ਮੰਨਣ ਕਰਕੇ ਗੁਰੂ ਸਾਹਿਬ ਨਾਲ ਨਾਰਾਜ਼ ਸੀ। ਕਿਹਾ ਜਾਂਦਾ ਰਿਹਾ ਕਿ ਉਸ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਜੀ ਦੀ ਹੱਤਿਆ ਦੇ ਹੁਕਮ ਪ੍ਰਾਪਤ ਕੀਤੇ। ਇਹ ਵੀ ਕਿਹਾ ਗਿਆ ਕਿ ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਵੀ ਬਾਦਸ਼ਾਹ ਨੂੰ ਭੜਕਾਉਣ ਵਿਚ ਹੱਥ ਸੀ। ਇਹ ਚੁਗਲੀ ਕਰਨ ਵਾਲੀ ਗੱਲ ਸਹੀ ਵੀ ਹੋ ਸਕਦੀ ਹੈ। ਪਰੰਤੂ ਇਹ ਚੰਦੂ ਸ਼ਾਹ ਕੋਈ ਮਾਮੂਲੀ ਅਹਿਲਕਾਰ ਤੋਂ ਵੱਧ ਨਹੀਂ ਹੋ ਸਕਦਾ ਅਤੇ ਉਸ ਦੀ ਜਾਂ ਪ੍ਰਿਥਵੀ ਚੰਦ ਦੀ ਪਹੁੰਚ ਬਾਦਸ਼ਾਹ ਤੀਕ ਹੋਣ ਦੀ ਬਹੁਤ ਘੱਟ ਸੰਭਾਵਨਾ ਹੈ। ਨਾ ਹੀ ਖੁਸਰੋ ਦੀ ਬਗਾਵਤ ਵਿਚ ਗੁਰੂ ਸਾਹਿਬ ਦਾ ਹੱਥ ਹੋਣ ਦੀ ਸੰਭਾਵਨਾ ਹੈ। ਹਾਂ, ਅਕਬਰ ਤੋਂ ਬਾਅਦ ਜਹਾਂਗੀਰ ਦੀ ਥਾਂ ਉਸ ਦੇ ਪੁੱਤਰ ਖੁਸਰੋ ਨੂੰ ਤਖਤ ਤੇ ਬਿਠਾਉਣ ਦੀਆਂ ਅਫਵਾਹਾਂ ਕੁਝ ਚਿਰ ਤੋਂ ਗਰਮ ਸਨ ਅਤੇ ਜਾਣਕਾਰ ਹਿੰਦੂਆਂ ਦੀ ਹਮਦਰਦੀ ਖੁਸਰੋ ਨਾਲ ਜ਼ਰੂਰ ਸੀ ਕਿਉਂਕਿ ਉਹ ਆਪਣੇ ਦਾਦੇ ਵਾਂਗ ਹੀ ਮਜ਼੍ਹਬ ਦੇ ਮਾਮਲੇ ਵਿਚ ਕੱਟੜ ਨਹੀਂ ਸੀ। ਜਹਾਂਗੀਰ ਵੀ ਵਿਅਕਤੀਗਤ ਤੌਰ ਤੇ ਕੋਈ ਕੱਟੜ ਨਮਾਜ਼ੀ ਨਹੀਂ ਸੀ, ਲੇਕਿਨ ਸਿਆਸੀ ਖਿੱਚੋਤਾਣ

ਵਿਚ ਮੁਸਲਮਾਨ ਸਰਦਾਰ ਅਤੇ ਮੌਲਾਣੇ ਸਭ ਉਸ ਦੀ ਪਿੱਠ ਪੂਰਦੇ ਸਨ। ਇਹ ਉਸ ਲਈ ਜ਼ਰੂਰੀ ਸੀ ਕਿ ਉਹ ਵੀ ਮਜ਼੍ਹਬੀ ਕੱਟੜਪੰਥੀ ਨੀਤੀ ਦਾ ਹੁੰਗਾਰਾ ਭਰੇ।

ਦੂਜੇ ਪਾਸੇ ਮੁਸਲਮਾਨਾਂ ਦੇ ਧਾਰਮਿਕ ਖੇਤਰ ਵਿਚ ਵੀ ਇਕ ਸਿਆਸੀ ਦਵੰਦ ਚਲ ਰਿਹਾ ਸੀ। ਉਪਰ ਕਿਹਾ ਗਿਆ ਸੀ ਕਿ ਸੂਫੀ ਸੰਤਾਂ ਨੇ ਵੀ ਹਿੰਦੂ ਭਗਤਾਂ ਵਾਂਗ ਹਿੰਦੂ ਮੁਸਲਿਮ ਨਫਰਤ ਨੂੰ ਘਟਾਉਣ ਦਾ ਜਤਨ ਕੀਤਾ, ਜੋ ਕਾਫੀ ਹੱਦ ਤਕ ਸੱਚ ਹੈ। ਪਰੰਤੂ ਇਸ ਦਾ ਇਹ ਅਰਥ ਨਹੀਂ ਕਿ ਉਨ੍ਹਾਂ ਦੇ ਇਸਲਾਮੀ ਵਿਸ਼ਵਾਸ ਵਿਚ ਕੋਈ ਢਿੱਲ ਆ ਗਈ ਸੀ। ਉਹ ਪੱਕੇ ਮੁਸਲਮਾਨ ਸਨ ਭਾਵੇਂ ਭਗਤੀ ਲਹਿਰ ਦੇ ਪ੍ਰਭਾਵ ਹੇਠ ਉਹਨਾਂ ਸਿੱਧੇ ਪ੍ਰਭੂ ਪਿਆਰ ਦੇ ਰਾਹ ਨੂੰ ਵੀ ਸਵੀਕਾਰ ਲਿਆ ਸੀ। ਅਸਲ ਵਿਚ ਇਸਲਾਮ ਦਾ ਜਿੰਨਾ ਪ੍ਰਚਾਰ ਸੂਫੀਆਂ ਦੇ ਸੰਤਪੁਣੇ ਦੇ ਪ੍ਰਭਾਵ ਨਾਲ ਹੋਇਆ ਉੱਨਾ ਮੁਸਲਮਾਨ ਸ਼ਾਸਕਾਂ ਦੀ ਜਬਰੀ ਤਬਲੀਗ ਨਾਲ ਨਹੀਂ ਹੋਇਆ ਅਤੇ ਸੂਫੀ ਵੀ ਇਕੋ ਜਿਹੇ ਨਹੀਂ ਸਨ। ਉਹਨਾਂ ਦੀਆਂ ਕਈ ਵੱਖ-ਵੱਖ ਸੰਪਰਦਾਵਾਂ ਸਨ ਜਿਨ੍ਹਾਂ ਨੂੰ ਸਿਲਸਿਲੇ ਕਿਹਾ ਜਾਂਦਾ ਸੀ। ਚਾਰ ਮੁੱਖ ਸਿਲਸਿਲੇ ਇਹ ਸਨ : ਚਿਸ਼ਤੀ, ਕਾਦਰੀ, ਸੁਹਰਾਵਰਦੀ ਅਤੇ ਨਕਸ਼ਬੰਦੀ। ਇਨ੍ਹਾਂ ਵਿਚੋਂ ਮੁਕਾਬਲਤਨ ਸਭ ਤੋਂ ਵੱਧ ਸਹਿਨਸ਼ੀਲ ਚਿਸ਼ਤੀ ਸਨ ਅਤੇ ਸਭ ਤੋਂ ਵੱਧ ਕੱਟੜਪੰਥੀ ਸਨ ਨਕਸ਼ਬੰਦੀ। ਅਕਬਰ ਚਿਸ਼ਤੀਆਂ ਦਾ ਮੁਰੀਦ ਸੀ ਅਤੇ ਜਹਾਂਗੀਰ ਉੱਤੇ ਵਧੇਰਾ ਅਸਰ ਨਕਸ਼ਬੰਦੀਆਂ ਦਾ ਸੀ। ਅਕਬਰ ਦੀ ਸੁਲਹਕੁਨ ਨੀਤੀ ਨੂੰ ਖਾਸ ਕਰ ਉਸ ਦੇ ਦੀਨ-ਇਲਾਹੀ ਨੂੰ ਕੁਝ ਨਿਕਟਵਰਤੀ ਦਰਬਾਰੀਆਂ ਨੂੰ ਛੱਡ ਸਾਰੇ ਮੁਸਲਮਾਨ ਸਰਦਾਰ ਅਤੇ ਉਲੇਮਾ ਇਕ ਕਾਫਰਾਨਾ ਹਰਕਤ ਸਮਝਦੇ ਸਨ। 1578-86 ਦੌਰਾਨ ਅਕਬਰ ਦੇ ਖਿਲਾਫ ਕਾਬਲ ਅਤੇ ਬਿਹਾਰ-ਬੰਗਾਲ ਵਿਚ ਜੋ ਬਗਾਵਤਾਂ ਹੋਈਆਂ, ਉਨ੍ਹਾਂ ਦਾ ਇਕ ਮੁੱਖ ਕਾਰਨ ਮੁਸਲਮਾਨਾਂ ਵਿਚ ਅਕਬਰ ਦੀ ਮਜ਼੍ਹਬੀ ਪਾਲਿਸੀ ਵਿਰੁੱਧ ਧਾਰਮਿਕ ਜਜ਼ਬਾ ਸੀ। ਪ੍ਰਸਿੱਧ ਅੰਗ੍ਰੇਜ਼ ਇਤਿਹਾਸਕਾਰ ਵਿਨਸੈਂਟ ਸਮਿਥ ਅਨੁਸਾਰ, ਨਰਾਜਗੀ ਦੇ ਉਹਨਾਂ ਸਾਰੇ ਪਦਾਰਥਿਕ ਕਾਰਨਾਂ ਤੋਂ ਇਲਾਵਾ ਬਿਹਾਰ ਬੰਗਾਲ ਦੇ ਮੁਸਲਮਾਨ ਅਕਬਰ ਦੇ ਮਜ਼੍ਹਬ ਬਾਰੇ ਜਨੂੰਨ ਅਤੇ ਇਸਲਾਮ ਤੋਂ ਮੂੰਹ ਫੇਰ ਲੈਣ ਕਰਕੇ ਬੁਰੀ ਤਰ੍ਹਾਂ ਪਰੇਸ਼ਾਨ ਸਨ ਅਤੇ ਉਸ ਦੀ ਸੁਲਹਕੁਨ ਪਾਲਿਸੀ ਨੂੰ ਇਸਲਾਮ ਧਰਮ ਵਿਰੁੱਧ ਸਹੀ ਮਾਅਨਿਆਂ ਵਿਚ ਹਮਲਾ ਸਮਝ ਕੇ ਉਸ ਨੂੰ ਨਫਰਤ ਕਰਦੇ ਸਨ.......ਅਤੇ ਉਨ੍ਹਾਂ ਦਾ ਸ਼ੱਕ ਦਾ ਕਾਰਨ ਸੀ ਕਿ ਉਹ (ਅਕਬਰ) ਪੂਰੀ ਤਰ੍ਹਾਂ ਪਤਿਤ ਅਥਵਾ ਕਾਫਰ ਹੋ ਜਾਵੇਗਾ। ਇਸ ਕਾਰਣ ਉਹ ਅਕਬਰ ਦੀ ਥਾਂ ਕਾਬਲ ਦੇ ਸੂਬੇਦਾਰ ਨੂੰ ਪੱਕੇ ਮੋਮਨਾ ਦਾ ਸਹੀ ਨੇਤਾ ਸਮਝਣ ਲੱਗੇ ਅਤੇ ਉਸ ਨੂੰ ਅਕਬਰ ਦੀ ਗੱਦੀ ਤੇ ਬਿਠਾਉਣ ਦਾ ਜਤਨ ਕਰਨ ਲੱਗੇ। ਅਕਬਰ ਦੀਆਂ ਆਪਣੇ ਆਪ ਨੂੰ ਮੁਸਲਮਾਨ ਜ਼ਾਹਰ ਕਰਨ ਦੀਆਂ ਕਪਟੀ ਚਾਲਾਂ ਕਿਸੇ ਵੀ ਸਾਧਾਰਨ ਸਮਝ ਵਾਲੇ ਮਨੁੱਖ ਨੂੰ ਧੋਖਾ ਨਹੀਂ ਦੇ ਸਕਦੀਆਂ ਸਨ।''

ਅਕਬਰ ਇਨ੍ਹਾਂ ਬਗਾਵਤਾਂ ਨੂੰ ਦਬਾਉਣ ਵਿਚ ਤਾਂ ਸਫਲ ਹੋ ਗਿਆ ਪਰ ਉਸ ਦਾ ਵੱਡਾ ਪੁੱਤਰ ਸਲੀਮ ਬਾਦ ਵਿਚ (ਜਹਾਂਗੀਰ) ਤਖਤ ਹਥਿਆਉਣ ਲਈ ਏਨਾ ਉਤਾਵਲਾ ਹੋ ਗਿਆ ਕਿ ਸੰਨ 1591 ਵਿਚ ਹੀ ਅਫਵਾਹ ਫੈਲੀ ਕਿ ਜਹਾਂਗੀਰ ਨੇ ਆਪਣੇ ਬਾਪ ਨੂੰ ਜ਼ਹਿਰ ਦੇਣ ਦਾ ਅਸਫਲ ਜਤਨ ਕੀਤਾ ਸੀ। ਸੰਨ 1600 ਈਸਵੀ ਵਿਚ ਜਹਾਂਗੀਰ ਨੇ ਖੁੱਲਮ-ਖੁੱਲਾ ਬਗਾਵਤ ਕਰ ਦਿੱਤੀ। 1602 ਵਿਚ ਉਸ ਨੇ ਅਕਬਰ ਦੇ ਚਹੇਤੇ ਦੋਸਤ ਅਤੇ ਸਲਾਹਕਾਰ ਅਬੂਲ ਫਜਲ ਦੀ ਹੱਤਿਆ ਕਰਵਾ ਦਿੱਤੀ। ਅਕਬਰ ਬੜਾ ਦੁਖੀ ਹੋਇਆ। 1604 ਵਿਚ ਉਸ ਦਾ ਦੂਸਰਾ ਪੁੱਤਰ ਦਾਨੀਆਲ ਵਧੇਰੇ ਨਸ਼ੇ ਕਰਨ ਕਰਕੇ ਮਰ ਗਿਆ। ਹੁਣ ਇਕ ਪੁੱਤਰ ਸਲੀਮ ਰਹਿ ਗਿਆ ਜੋ ਬਾਗੀ, ਸ਼ਰਾਬੀ ਅਤੇ ਅਫੀਮ ਦਾ ਅਮਲੀ ਸੀ। ਦਰਬਾਰ ਵਿਚ ਰਾਜਪੂਤ ਪਾਰਟੀ ਦੇ ਲੀਡਰ ਮਾਨ ਸਿੰਘ ਅਤੇ ਖਾਨੇ ਆਜ਼ਮ ਅਜੀਜ਼ ਕੋਕਾ ਨੇ ਖੁਸਰੋ ਨੂੰ ਅਕਬਰ ਦਾ ਜਾਨਸ਼ੀਨ ਬਨਾਉਣ ਲਈ ਜਤਨ ਕੀਤੇ ਲੇਕਿਨ ਸਫਲ ਨਾ ਹੋ ਸਕੇ, ਕਿਉਂਕਿ ਸਲੀਮ ਦੇ ਇਕ ਨਿਕਟਵਰਤੀ ਸਲਾਹਕਾਰ ਸ਼ੇਖ ਫਰੀਦ ਨੇ (ਬਾਦ ਵਿਚ ਮੁਰਤਜ਼ਾ ਖਾਨ) ਬਰ੍ਹ ਦੇ ਸਯੱਦ ਪੀਰਾਂ ਤੋਂ ਫਤਵਾ ਦਿਵਾਅ ਦਿੱਤਾ ਕਿ ਤਖਤ ਦਾ ਸਹੀ ਹੱਕਦਾਰ ਸਲੀਮ ਹੀ ਹੈ। ਸ਼ੇਖ ਫਰੀਦ ਜੋ ਸਲੀਮ ਦੇ ਹੋਰ ਵੀ ਨੇੜੇ ਹੋ ਗਿਆ ਸੀ, ਨਕਸ਼ਬੰਦੀ ਸੂਫੀ ਪੀਰ ਸ਼ੇਖ ਅਹਿਮਦ ਸਰਹੰਦੀ

ਦਾ ਮੁਰੀਦ ਸੀ। ਇਹ ਸ਼ੇਖ ਅਹਿਮਦ ਅਤਿ ਦਰਜ਼ੇ ਦਾ ਕੱਟੜਪੰਥੀ ਸੀ ਜੋ ਹਿੰਦੂਆਂ ਨੂੰ ਸਖਤ ਨਫਰਤ ਕਰਦਾ ਸੀ ਅਤੇ ਗੁਰੂ ਅਰਜਨ ਦੇਵ ਜੀ ਦਾ ਦੋਖੀ ਸੀ। ਇਸਨੇ ਮੁਰਤਜ਼ਾ ਖਾਨ ਰਾਹੀਂ ਗੁਰੂ ਸਾਹਿਬ ਦੇ ਖਿਲਾਫ ਸਲੀਮ ਦੇ ਕੰਨ ਭਰੇ ਸਨ ਅਤੇ ਇਸ ਨੇ ਬਾਦ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਉਪਰੰਤ ਸ਼ੁਕਰ ਮਨਾਉਂਦਿਆਂ ਇਕ ਖ਼ਤ ਵਿਚ ਲਿਖਿਆ ਸੀ:

''ਇਨ੍ਹਾਂ ਦਿਨਾਂ ਵਿਚ ਹੀ ਜੋ ਗੋਇੰਦਵਾਲ ਦੇ ਭ੍ਰਸ਼ਟ ਹੋਏ ਕਾਫਰ (ਅਰਥਾਤ ਗੁਰੂ ਅਰਜਨ ਦੇਵ) ਨੂੰ ਕਤਲ ਕਰ ਦਿੱਤਾ ਗਿਆ ਹੈ, ਇਹ ਬੜੀ ਵਧੀਆ ਗੱਲ ਹੈ। ਇਹ ਹਿੰਦੂ ਕਾਫਰਾਂ ਉੱਤੇ ਭਾਰੀ ਸੱਟ ਮਾਰੀ ਗਈ ਹੈ। ਉਸ ਨੂੰ ਕਿਸੇ ਵੀ ਕਾਰਨ ਜਾਂ ਬਹਾਨੇ ਨਾਲ ਮਾਰ ਦੇਣਾ ਮੁਸਲਮਾਨਾਂ ਲਈ ਬੜਾ ਲਾਭਦਾਇਕ ਰਿਹਾ ਹੈ।''

ਅਕਬਰ ਇਕ ਸਾਲ ਤੋਂ ਵੱਧ ਸੰਗ੍ਰਹਿਣੀ ਦੇ ਰੋਗ ਨਾਲ ਘੁਲ ਘੁਲ ਕੇ ਅਕਤੂਬਰ 1605 ਨੂੰ ਇਸ ਜਹਾਨ ਤੋਂ ਕੂਚ ਕਰ ਗਿਆ। ਸਲੀਮ ਜਹਾਂਗੀਰ ਦੀ ਉਪਾਧੀ ਧਾਰਨ ਕਰਕੇ ਗੱਦੀ ਤੇ ਬੈਠਾ। ਉਸ ਦੇ ਪੁੱਤਰ ਖੁਸਰੋ ਨੇ ਬਗਾਵਤ ਕੀਤੀ ਅਤੇ ਕੁਝ ਹਿਮਾਇਤੀ ਫੌਜ ਨਾਲ ਇਮਦਾਦ ਦੀ ਉਮੀਦ ਲੈ ਕੇ ਪੰਜਾਬ ਵੱਲ ਕੂਚ ਕੀਤਾ। ਸ਼ੇਖ ਫਰੀਦ ਨੇ ਉਸਦਾ ਪਿੱਛਾ ਕੀਤਾ। ਖੁਸਰੋ ਹਾਰ ਗਿਆ, ਗ੍ਰਿਫਤਾਰ ਹੋ ਗਿਆ। ਜਹਾਂਗੀਰ ਜੋ ਪਿੱਛੇ ਆ ਰਿਹਾ ਸੀ, ਨੇ ਲਾਹੌਰ ਪਹੁੰਚ ਕੇ ਖੁਸਰੋ ਦੀਆਂ ਅੱਖਾਂ ਕਢਵਾ ਦਿੱਤੀਆਂ ਅਤੇ ਉਸ ਦੇ ਮੁੱਖ ਸਾਥੀਆਂ ਨੂੰ ਪਸ਼ੂ ਦੀ ਗਿੱਲੀ ਖੱਲ ਵਿਚ ਮੜ੍ਹਵਾ ਕੇ ਮਰਵਾ ਦਿੱਤਾ। ਇਹ ਘਟਨਾ 29 ਅਪ੍ਰੈਲ 1606 ਦੀ ਹੈ। ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦਾ ਹੁਕਮ ਕੁਝ ਦਿਨ ਬਾਅਦ ਜਾਰੀ ਕੀਤਾ ਗਿਆ। ਕਾਰਣ ਜਹਾਂਗੀਰ ਦੀ ਆਪਣੀ ਲਿਖਿਤ ਅਨੁਸਾਰ ਇਉਂ ਸੀ :

ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿਚ ਅਰਜਨ ਨਾਮੀ ਇਕ ਹਿੰਦੂ, ਫਕੀਰ ਦੇ ਭੇਖ ਵਿਚ ਰਹਿੰਦਾ ਸੀ। ਬਹੁਤ ਸਾਰੇ ਹਿੰਦੂਆਂ, ਬਲਕਿ ਕਈ ਮੂਰਖ ਮੁਸਲਮਾਨਾਂ ਨੂੰ ਵੀ ਉਸ ਨੇ ਆਪਣੇ ਵਤੀਰੇ ਨਾਲ ਆਪਣਾ ਮੁਰੀਦ ਬਣਾ ਲਿਆ ਸੀ ਅਤੇ ਉਹ ਉਸ ਦੇ ਦੀਨੀ ਤੇ ਦੁਨਿਆਵੀ ਰਹਬਰ ਹੋਣ ਦਾ ਢੰਡੋਰਾ ਪਿਟਦੇ ਸਨ। ਲੋਕ ਉਸ ਨੂੰ ਗੁਰੂ ਕਹਿੰਦੇ ਅਤੇ ਸਾਰੇ ਪਾਸਿਆਂ ਤੋਂ ਆ ਕੇ ਉਸ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਉਂਦੇ। ਇਹ ਦੁਕਾਨ ਤਿੰਨ ਚਾਰ ਪੀੜ੍ਹੀਆਂ ਤੋਂ ਚਲ ਰਹੀ ਸੀ। ਕਈ ਸਾਲਾਂ ਤੋਂ ਮੇਰੇ ਖਿਆਲ ਵਿਚ ਸੀ ਕਿ ਮੈਂ ਏਸ ਝੂਠ ਦੀ ਦੁਕਾਨ ਬੰਦ ਕਰਾਂ, ਜਾਂ ਇਸ ਨੂੰ ਇਸਲਾਮ ਦੇ ਘੇਰੇ ਵਿਚ ਲਿਆਵਾਂ। ਆਖਰਕਾਰ ਜਦੋਂ ਖੁਸਰੋ ਇਸ ਰਾਹੋਂ ਲੰਘਿਆ, ਤਾਂ ਇਸ ਤੁੱਛ ਇਨਸਾਨ ਨੇ ਉਸ ਨੂੰ ਮਿਲਣ ਦਾ ਸੁਝਾਅ ਦਿੱਤਾ। ਖੁਸਰੋ ਏਥੇ ਠਹਿਰਿਆ ਅਤੇ ਉਹ ਇਸ ਨੂੰ ਆ ਕੇ ਮਿਲਿਆ ਅਤੇ ਇਸ ਤੋਂ ਮੱਥੇ ਤੇ ਕੇਸਰ ਦਾ ਟਿੱਕਾ ਲੁਆਇਆ ਜਿਸ ਨੂੰ ਹਿੰਦੂ ਕਸ਼ਕਾ ਕਹਿੰਦੇ ਹਨ ਅਤੇ ਸ਼ੁੱਭ ਸਮਝਦੇ ਹਨ। ਜਦੋਂ ਇਹ (ਖਬਰ) ਮੇਰੇ ਕੰਨਾਂ ਤਕ ਪਹੁੰਚੀ ਤਾਂ ਮੈਂ ਉਸ ਦੀ ਮੂਰਖਤਾ ਨੂੰ ਸਾਫ ਸਮਝ ਗਿਆ। ਮੈਂ ਉਸ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ ਅਤੇ ਉਸ ਦੇ ਘਰ-ਘਾਟ ਅਤੇ ਬੱਚਿਆਂ ਨੂੰ ਮੁਰਤਾਜ਼ ਖਾਨ ਨੂੰ ਦੇ ਦਿੱਤਾ ਅਤੇ ਉਸ ਦੀ ਜਾਇਦਾਦ ਜ਼ਬਤ ਕਰਨ ਅਤੇ ਕਤਲ ਕਰਨ ਦਾ ਹੁਕਮ ਦਿੱਤਾ।

**ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ**

ਗੁਰੂ ਸਾਹਿਬ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ, ਬਾਦਸ਼ਾਹ ਨੇ ਖੁਦ ਮੌਤ ਦੀ ਸਜ਼ਾ ਦਿੱਤੀ। ਸਿੱਖ ਸੋਮਿਆਂ ਅਨੁਸਾਰ ਜਾਪਦਾ ਹੈ ਕਿ ਸਜ਼ਾ ਤੇ ਅਮਲ ਦਰਾਮਦ ਕਰਨ ਲਈ ਖਾਨ ਨੇ ਮਕਤੂਲ ਨੂੰ ਚੰਦੂ ਸ਼ਾਹ ਦੇ ਹਵਾਲੇ ਕਰ ਦਿੱਤਾ। ਉਸ ਨੇ ਗੁਰੂ ਸਾਹਿਬ ਨੂੰ ਤੱਤੀ ਲੋਹ ਤੇ ਬਿਠਾਇਆ, ਤੱਤੀ ਰੇਤ ਦੇ ਕੜਛੇ ਉਨ੍ਹਾਂ ਦੀ ਦੇਹ ਤੇ ਪਵਾਏ ਅਤੇ ਇਸ ਤਰ੍ਹਾਂ ਝੁਲਸੇ ਹੋਏ ਸਰੀਰ ਨੂੰ ਲਾਹੌਰ ਕਿਲੇ ਦੇ ਨਾਲ ਵਗਦੇ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ।

**ਸ਼ਹੀਦੀ ਦੇ ਪਰਿਣਾਮ**

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਅਕਸਰ ਸਿੱਖ ਲਹਿਰ ਦਾ ਇਕ ਇਤਿਹਾਸਿਕ ਮੋੜ ਦੱਸਿਆ ਹੈ, ਜੋ ਠੀਕ ਵੀ ਹੈ, ਕਿਉਂਕਿ ਇਸ ਘਟਨਾ ਨੇ ਸਿੱਖਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਸਿੱਖੀ ਦਾ ਮਾਰਗ ਸੁਖਾਲਾ ਨਹੀਂ। ਇਸ ਨਵੇਂ ਸਮਾਜ ਦਾ ਬੂਟਾ ਜੋ ਗੁਰੂ ਨਾਨਕ ਦੇਵ ਜੀ ਨੇ ਸਮੇਂ ਦੀ ਸਮਾਜਿਕ ਰੱਕੜ ਵਿਚ ਲਾਇਆ ਸੀ, ਉਹ ਭਾਵੇਂ ਪਿਛਲੇ ਇਕ ਸੌ ਸਾਲਾਂ ਵਿਚ ਮਜ਼ਬੂਤ ਜੜ੍ਹ ਫੜ ਚੁੱਕਾ ਸੀ ਫਿਰ ਵੀ ਉਸ ਨੂੰ ਜਬਰ-ਜ਼ੁਲਮ ਦੀਆਂ ਤੇਜ਼ ਹਵਾਵਾਂ ਅਤੇ ਮਜ਼੍ਹਬੀ ਕੱਟੜਪੰਥੀ ਹੈਵਾਨੀਅਤ ਦੇ ਉਜਾੜੇ ਤੋਂ ਬਚਾਉਣ ਲਈ ਉਸ ਦੁਆਲੇ ਕੰਡਿਆਲੀ ਵਾੜ ਬਣ ਕੇ ਖਲੋਣਾ ਪਵੇਗਾ। ਸ਼ਾਂਤਮਈ ਅਤੇ ਅਹਿੰਸਾ ਦੇ ਅਸੂਲ ਬੜੇ ਅੱਛੇ ਹਨ ਪਰੰਤੂ ਇਹ ਵੀ ਬਹਾਦਰਾਂ ਨੂੰ ਹੀ ਸ਼ੋਭਦੇ ਹਨ। ਭੇਡ ਨਿਮਾਣੀ ਜਿਸ ਦੇ ਨਾ ਸਿੰਗ ਹਨ, ਨਾ ਨਹੁੰ-ਦੰਦ ਤਿੱਖੇ ਹਨ, ਅਹਿੰਸਾਵਾਦੀ ਹੋਣ ਦਾ ਦਾਅਵਾ ਹਾਸੋ-ਹੀਣਾ ਹੀ ਹੋਵੇਗਾ। ਧਰਮ ਦੀ ਰੱਖਿਆ ਕਰਨਾ ਧਰਮ ਹੈ ਅਤੇ ਇਹ ਧਰਮ ਵੀ ਧਰਮੀਆਂ ਨੇ ਆਪ ਹੀ ਨਿਭਾਉਣਾ ਹੈ ਇਸ ਅਹਿਸਾਸ ਨੇ ਸਿੱਖਾਂ ਨੂੰ ਧਰਮ ਦੀ ਰਾਖੀ ਤੇ ਜ਼ੁਲਮ ਅਤੇ ਅਨਿਆਂ ਦੇ ਖਿਲਾਫ ਸੰਗ੍ਰਾਮ ਲਈ ਕਮਰਬੰਦ ਹੋਣ ਲਈ ਪ੍ਰੇਰਿਆ ਅਤੇ ਉਹ ਪੀਰੀ ਤੇ ਮੀਰੀ ਦੀ ਤਲਵਾਰ ਧਾਰਨ ਕਰਨ ਵਾਲੇ ਗੁਰੂ ਹਰਿਗੋਬਿੰਦ ਦੀ ਅਗਵਾਈ ਵਿਚ ਸੰਤ ਰਹਿੰਦੇ ਹੋਏ ਸਿਪਾਹੀ ਵੀ ਬਣਨ ਲੱਗੇ। ਗੁਰੂ ਦੇ ਬਲੀਦਾਨ ਨੇ ਸਿੱਖਾਂ ਵਿਚ ਬਲੀਦਾਨ ਦਾ ਚਾਅ ਭਰਿਆ।

ਪਰ ਜਿਸ ਗੱਲ ਵੱਲ ਇਤਿਹਾਸਕਾਰਾਂ ਦਾ ਧਿਆਨ ਘੱਟ ਗਿਆ ਹੈ ਉਹ ਇਹ ਹੈ ਕਿ ਸਿੱਖ ਇਤਿਹਾਸ ਵਿਚ ਇਹ ਮੋੜ ਅਚਾਨਕ ਨਹੀਂ ਆਇਆ। ਜਦਕਿ ਹਾਲਾਤ ਵਿਚ ਇਹ ਆਉਣਾ ਹੀ ਸੀ ਅਤੇ ਇਸ ਦੀ ਤਿਆਰੀ ਵੀ ਆਰੰਭ ਤੋਂ ਹੀ ਤੈਅ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਨੇ ਚੇਤਾਵਨੀ ਦੇ ਦਿੱਤੀ ਸੀ ਕਿ ਸਿੱਖੀ ਦਾ ਰਾਹ ਸੌਖਾ ਨਹੀਂ। ਉਹਨਾਂ ਕਿਹਾ ਸੀ ਕਿ ਸਿਰ ਧੜ ਦੀ ਬਾਜੀ ਹੈ; ਇੱਜ਼ਤ-ਮਾਣ ਨਾਲ ਜੀਣਾ ਹੀ ਜੀਵਨ ਹੈ ਅਤੇ ਪ੍ਰੇਮ ਦੀ ਖੇਡ ਵਿਚ ਸ਼ਾਮਿਲ ਹੋਣ ਲਈ ਸਿਰ ਤਲੀ ਤੇ ਰੱਖਕੇ ਆਉਣਾ ਪੈਂਦਾ ਹੈ ਅਤੇ ਗੁਰੂ ਅਰਜਨ ਦੇਵ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਜੇ ਮੇਰੇ ਰਾਹ ਤੇ ਆਉਣਾ ਹੀ ਹੈ ਤਾਂ ਪਹਿਲਾਂ ਮਰਨ ਕਬੂਲਣਾ ਪਵੇਗਾ। ਭਾਈ ਮਾਨ ਸਿੰਘ ਜੀ ਰਚਿਤ 'ਸਿੱਖਾਂ ਦੀ ਭਗਤ ਮਾਲਾ' ਵਿਚ ਦਿੱਤੀਆਂ ਕੁਝ ਸਾਖੀਆਂ ਤੋਂ ਸਪੱਸ਼ਟ ਹੈ ਕਿ ਸ਼ਸਤਰਾਂ ਦੀ ਸਿਖਲਾਈ ਉਨ੍ਹਾਂ ਨੇ ਹੀ ਸ਼ੁਰੂ ਕਰਵਾ ਦਿੱਤੀ ਸੀ, ਕਿਉਂਕਿ ਜਦ ਕੋਈ ਯੋਧਾ ਉਨ੍ਹਾਂ ਕੋਲ ਆਉਂਦਾ ਤਾਂ ਉਹ ਉਸ ਨੂੰ ਸਾਹਿਬਜ਼ਾਦੇ ਹਰਿਗੋਬਿੰਦ ਜੀ ਦੇ ਨਾਲ ਹੋਣ ਲਈ ਕਹਿੰਦੇ। ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਸਤਰ ਵਿਦਿਆ ਪਿਤਾ ਗੁਰੂ ਦੀ ਦੇਖ ਰੇਖ ਵਿਚ ਹੀ ਪ੍ਰਾਪਤ ਕੀਤੀ। 'ਬੰਸਾਵਲੀਨਾਮੇ' ਦੇ ਲੇਖਕ ਕੇਸਰ ਸਿੰਘ ਛਿੱਬਰ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਨ੍ਹਾਂ ਦਾ ਸੀਸ ਲੱਗਣਾ ਹੀ ਹੈ। ਗੁਰੂ ਜੀ ਨੇ ਗ੍ਰਿਫਤਾਰੀ ਸਮੇਂ ਆਪਣੇ ਨਾਲ ਗਏ ਪੰਜਾਂ ਸਿੱਖਾਂ ਨੂੰ ਇਹ ਹੀ ਕਹਿ ਕੇ ਵਾਪਸ ਭੇਜਿਆ ਕਿ ਸਾਹਿਬਜ਼ਾਦੇ ਨੂੰ ਕਹਿਣਾ ਕਿ ਉਹ ਹਥਿਆਰਬੰਦ ਹੋ ਕੇ ਗੱਦੀ ਤੇ ਬਹੇ ਅਤੇ ਜਿੱਥੋਂ ਤੀਕ ਹੋ ਸਕੇ ਇਕ ਵਧੀਆ ਫੌਜ ਰੱਖੇ।

ਜਾਬਰ ਹਕੂਮਤ ਨਾਲ ਟੱਕਰ ਹੋਣੀ ਵੀ ਕੋਈ ਨਵੀਂ ਗੱਲ ਨਹੀਂ ਸੀ। ਗੁਰੂ ਨਾਨਕ ਦੇਵ ਜੀ ਦੀ ਵੀ ਬਾਬਰ ਨਾਲ ਅਤੇ ਗੁਰੂ ਅੰਗਦ ਦੇਵ ਜੀ ਦੀ ਹਮਾਯੂੰ ਨਾਲ ਟੱਕਰ ਹੋਈ ਸੀ, ਪਰ ਉਹ ਦੋਵੇਂ ਕਾਇਲ ਹੋ ਗਏ ਸਨ। ਜਹਾਂਗੀਰ ਵੀ ਕਾਇਲ ਹੋਇਆ, ਗੁਰੂ ਹਰਿਗੋਬਿੰਦ ਦੀ ਗੁਰੂਤਾ ਤੋਂ, ਪਰ ਬਹੁਤ ਦੇਰ ਬਾਅਦ ਵਿਚ। ਹੋ ਸਕਦਾ ਹੈ ਕਿ ਇਕ ਗੁਰੂ ਦੀ ਹੱਤਿਆ ਤੇ ਪਾਪ ਦਾ ਪਸ਼ਚਾਤਾਪ ਹੀ ਅਗਲੇ ਗੁਰੂ ਨਾਲ ਮਿੱਤਰਤਾ ਦਾ ਮਨੋਵਿਗਿਆਨਿਕ ਕਾਰਣ ਬਣਿਆ ਹੋਵੇ।

**ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ**

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਕੁਝ ਕਹਿਣਾ ਜ਼ਿਆਦਾ ਆਸਾਨ ਹੈ ਕਿਉਂਕਿ ਇਥੇ ਨਾ ਤੇ ਇਸ ਹੱਤਿਆ ਦੀ ਜ਼ਿੰਮੇਵਾਰੀ ਬਾਰੇ ਕੋਈ ਭੁਲੇਖਾ ਹੈ ਅਤੇ ਨਾ ਕਾਰਨਾਂ ਬਾਰੇ। ਦੋਹਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਧੀ ਅਤੇ ਸਪੱਸ਼ਟ ਗਵਾਹੀ ਮੌਜੂਦ ਹੈ। ਬਚਿੱਤ੍ਰ ਨਾਟਕ ਵਿੱਚ ਉਹ ਲਿਖਦੇ ਹਨ :

ਠੀਕਰਿ ਫੋਰਿ ਦਿਲੀਸਿ ਸਿਰ ਪ੍ਰਭ ਪੁਰਿ ਕੀਯਾ ਪਯਾਨ।।

ਅਰਥਾਤ ਦਿੱਲੀ ਦੇ ਬਾਦਸ਼ਾਹ ਦੇ ਸਿਰ ਸਰੀਰ ਦਾ ਠੀਕਰ ਭੰਨ ਕੇ ਗੁਰੂ ਤੇਗ ਬਹਾਦਰ ਪ੍ਰਭੂ ਪਾਸ ਚਲੇ ਗਏ।

ਦਿੱਲੀ ਦੇ ਬਾਦਸ਼ਾਹ (ਔਰੰਗਜ਼ੇਬ) ਨੇ ਇਹ ਹੱਤਿਆ ਕਿਉਂ ਕਰਵਾਈ ਜਾਂ ਗੁਰੂ ਸਾਹਿਬ ਨੇ ਸ਼ਹੀਦੀ ਲਈ ਆਪਣੇ ਆਪ ਨੂੰ ਕਿਉਂ ਪੇਸ਼ ਕੀਤਾ ? ਇਸ ਦਾ ਜਵਾਬ ਵੀ ਸਪੱਸ਼ਟ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹਤਿ ਇਤਿ ਜਿਨਿ ਕਰੀ।
ਸੀਸੁ ਦੀਯਾ ਪਰੁ ਸੀ ਨ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸੁ ਦੀਆ ਪਰੁ ਸਿਰਰ ਨ ਦੀਆ। (ਬਚਿਤ੍ਰ ਨਾਟਕ)

**ਪਿਛੋਕੜ**

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਦ ਦੇ 70 ਸਾਲਾਂ ਵਿੱਚ ਮੁਗਲਾਂ ਦੀ ਰਾਜ-ਸੱਤਾ ਵਿੱਚ ਕਾਫ਼ੀ ਵਾਧਾ ਹੋ ਚੁੱਕਾ ਸੀ ਅਤੇ ਉਨ੍ਹਾਂ ਦੇ ਮਜ਼ਬੀ ਜੋਸ਼ ਅਤੇ ਕੱਟੜਪੁਣੇ ਵਿੱਚ ਵੀ। ਵੈਸੇ ਤਾਂ ਇਸਲਾਮ ਵਿੱਚ ਮੁੱਢ ਤੋਂ ਹੀ ਮਜ਼ਬੀ ਜੋਸ਼ ਅਤੇ ਕੱਟੜਪੁਣੇ ਦਾ ਜ਼ੋਰ ਰਿਹਾ ਸੀ। ਇਸਲਾਮ ਅਨੁਸਾਰ, ''ਅੱਲ੍ਹਾ ਬਿਨਾਂ ਹੋਰ ਕੋਈ ਖੁਦਾ ਨਹੀਂ ਅਤੇ ਮੁਹੰਮਦ ਹੀ ਅੱਲ੍ਹਾ ਦਾ ਸੁਨੇਹਾ ਦੇਣ ਵਾਲਾ (ਪੈਗੰਬਰ) ਹੈ, ਇਸ ਕਲਮੇ ਉੱਤੇ ਯਕੀਨ ਰੱਖਣ ਵਾਲਾ ਮੋਮਿਨ (ਈਮਾਨ ਵਾਲੇ) ਅਤੇ ਇਸ ਨੂੰ ਨਾ ਮੰਨਣ ਵਾਲਾ ਕਾਫਿਰ (ਨਾਸਤਕ) ਹਨ; ਅਤੇ ਅੱਲ੍ਹਾ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫਰਜ਼ ਹੈ ਕਿ ਉਹ ਕਾਫਰਾਂ ਦੀ ਹਥਿਆਰ ਬੰਦ ਦੁਨੀਆਂ (ਦਾਰਲੁ ਹਰਬ) ਨੂੰ ਸ਼ਾਂਤੀ ਦੀ ਦੁਨੀਆਂ (ਦਾਰੁਲ ਸਲਾਮ) ਵਿੱਚ ਤਬਦੀਲ ਕਰਨ ਲਈ ਧਰਮ-ਯੁੱਧ (ਜਿਹਾਦ) ਕਰਨ। ਇਹ ਅਕੀਦਾ ਭਾਵੇਂ ਖਿੰਡੇ ਪੁੰਡੇ ਹੋਏ, ਬੁੱਤ ਪ੍ਰਸਤ, ਜਾਹਲ ਅਰਬੀ ਸਮਾਜ ਨੂੰ ਇਕ ਮੁੱਠ ਕਰਨ ਲਈ ਹਜ਼ਰਤ ਮੁਹੰਮਦ ਨੇ ਆਪਣੀ ਉੱਮਤ ਨੂੰ ਦ੍ਰਿੜ੍ਹ ਕਰਾਉਣਾ ਜ਼ਰੂਰੀ ਸਮਝਿਆ ਹੋਵੇ, ਹਜ਼ਰਤ ਮੁਹੰਮਦ ਦੀ ਵਫਾਤ ਤੋਂ ਬਾਦ ਇਸ ਨੂੰ ਦੂਸਰੇ ਦੇਸ਼ਾਂ ਕੌਮਾਂ ਅਤੇ ਸਭਿਆਤਾਵਾਂ ਨੂੰ ਇਸਲਾਮ ਦੇ ਘੇਰੇ ਵਿੱਚ ਲਿਆਉਣ ਲਈ ਏਨੀ ਕਾਮਯਾਬੀ ਨਾਲ ਵਰਤਿਆ ਗਿਆ ਕਿ ਇਕ ਸਦੀ ਦੇ ਅੰਦਰ ਹੀ ਇਸਲਾਮ ਸਪੇਨ ਤੋਂ ਲੈ ਕੇ ਮੱਧ ਏਸ਼ੀਆ ਤਕ ਬਿਨਾਂ ਕਿਸੇ ਵੱਡੀ ਰੁਕਾਵਟ ਦੇ ਫੈਲ ਗਿਆ ਪਰ ਉਸ ਤੋਂ ਅੱਗੇ ਪੱਛਮ ਵਿੱਚ ਈਸਾਈ ਅਤੇ ਪੂਰਬ ਵਿੱਚ ਹਿੰਦੂ ਅਤੇ ਚੀਨੀ ਸਭਿਆਤਾਵਾਂ ਨੇ ਇਸ ਦੇ ਪਰਸਾਰ ਨੂੰ ਠਲ੍ਹ ਪਾ ਦਿੱਤੀ। ਭਾਰਤ ਉੱਤੇ ਅੱਠਵੀਂ ਸਦੀ ਦੇ ਸ਼ੁਰੂ ਵਿੱਚ ਸਿੰਧ ਦੇ ਹਮਲੇ ਤੋਂ ਪਿੱਛੋਂ ਮਹਿਮੂਦ ਗਜਨਵੀ ਦੇ ਲੁੱਟ ਮਾਰ ਲਈ ਕੀਤੇ ਧਾੜਿਆਂ ਤੀਕ 200 ਸਾਲ ਦੀ ਵਿੱਥ ਸੀ ਅਤੇ ਉਸ ਤੋਂ ਪਿਛੋਂ ਵੀ 165 ਸਾਲ ਹੋਰ ਲੰਘ ਗਏ ਤਾਂ ਕਿਤੇ ਇਸਲਾਮੀ ਝੰਡਾ ਦਿੱਲੀ ਤੇ ਝੁਲਿਆ ਅਤੇ ਫੇਰ ਵੀ ਮੁਸਲਮਾਨ ਸ਼ਾਸਕਾਂ ਅਤੇ ਮੁਫਤੀਆਂ ਨੂੰ ਆਪਣੇ ਪਹਿਲੇ ਅਸੂਲਾਂ ਨੂੰ ਕੁਝ ਢਿੱਲਾ ਕਰਨਾ ਪਿਆ। ਇਸਲਾਮੀ ਫਤਵਾ ਤਾਂ ਇਹ ਸੀ ਕਿ ਕਾਫਰਾਂ ਨੂੰ ਮੋਮਿਨ ਬਣਾਉ, ਜੇ ਨਾ ਬਣਨ ਤਾਂ ਮਾਰ ਮੁਕਾ ਦਿਉ, ਨਹੀਂ ਤੇ ਗੁਲਾਮ ਬਣਾ ਲਉ, ਨਹੀਂ ਤੇ ਘੱਟੋ ਘੱਟ ਉਨ੍ਹਾਂ ਦੀ ਧਨ ਸੰਪਤੀ ਤੇ ਕਬਜ਼ਾ ਕਰਕੇ ਉਨ੍ਹਾਂ ਦੇ ਰੋਜ਼ੀ ਦੇ ਸਾਧਨ ਖੋਹ ਲਵੋ। ਹਿੰਦੁਸਤਾਨ ਦੇ ਵਿਸ਼ਾਲ ਉਪਜਾਊ ਮੈਦਾਨਾਂ ਉੱਤੇ ਕਬਜ਼ਾ ਕਰਨ ਤੋਂ ਬਾਅਦ ਮੁਸਲਮਾਨ ਸ਼ਾਸਕਾਂ ਨੂੰ ਮਹਿਸੂਸ ਹੋਇਆ ਕਿ ਇਸ ਉਪਜਾਊ ਧਰਤੀ ਦਾ ਪੂਰਾ ਲਾਭ ਲੈਣਾ ਹੈ ਤਾਂ ਸਾਰੀ ਜਨਤਾ ਨੂੰ ਮਾਰ ਮੁਕਾਉਣਾ ਤਾਂ ਦਾਨਾਈ ਨਹੀਂ ਹੋਵੇਗੀ। ਸੋ ਨੀਤੀ ਇਹ ਅਪਨਾਈ ਗਈ ਕਿ ਸਖਤੀ ਤੋ ਕੰਮ ਲੈ ਕੇ ਵੀ ਜੋ ਇਸਲਾਮ ਕਬੂਲਣੋ ਇਨਕਾਰੀ ਹੋਣ ਤਾਂ ਉਹਨਾਂ ਉੱਤੇ ਬਦਲੇ ਵਿੱਚ ਭਾਰੀ ਟੈਕਸ ਲਾ ਦਿਉ ਅਤੇ ਆਪਣੇ ਪੁਰਾਣੇ ਧਰਮ ਉੱਪਰ ਚਲਦੇ ਰਹਿਣ ਦਿਉ। ਸੋ ਹਿੰਦੂਆਂ ਦੇ ਮੰਦਰ ਢਾਉਣ, ਦਬਾਅ ਹੇਠ ਲਿਆ ਕੇ ਜਾਂ ਲਾਲਚ ਦੇ ਕੇ ਮੁਸਲਮਾਨ ਬਣਾਉਣ ਦੇ ਨਾਲ ਨਾਲ ਰਹਿੰਦੇ ਹਿੰਦੂਆਂ ਤੇ ਜਜ਼ੀਆਂ, ਯਾਤਰਾ ਕਰ ਤੇ ਟੋਲ ਟੈਕਸ

ਲਾਏ ਗਏ। ਕੁਝ ਰਾਹਤ ਸੂਫੀਆਂ ਦੇ ਮਨੁੱਖੀ ਏਕਤਾ ਅਤੇ ਸ਼ਹਿਨਸ਼ੀਲਤਾ ਦੇ ਪ੍ਰਚਾਰ ਕਰ ਕੇ ਵੀ ਮਿਲੀ। ਕੁਝ ਮੁਸਲਮਾਨ ਸੁਭਾਅ ਕਰਕੇ ਵੀ ਸ਼ਹਿਨਸ਼ੀਲ ਹੋਏ, ਪਰ ਅਜਿਹੇ ਘੱਟ ਹੀ ਸਨ। ਪੰਦਰ੍ਹਵੀਂ ਸਦੀ ਵਿੱਚ ਕਸ਼ਮੀਰ ਵਿੱਚ ਜ਼ੈਨਲ-ਆਬਦੀਨ ਦੇ ਸ਼ਾਸਨ ਦੀ ਅੱਧੀ ਸਦੀ ਅਤੇ ਸੋਲ੍ਹਵੀਂ ਸਦੀ ਵਿੱਚ ਅਕਬਰ ਦਾ ਪੰਜਾਹ ਸਾਲਾ ਰਾਜ ਹੀ ਇਸ ਦੀਆਂ ਮੁੱਖ ਮਿਸਾਲਾਂ ਹਨ।

ਜਹਾਂਗੀਰ ਸ਼ਰਾਬੀ ਅਤੇ ਸਨਕੀ ਕਿਸਮ ਦਾ ਇਨਸਾਨ ਸੀ। ਇਕ ਪਾਸੇ ਉਸ ਦੀ ਬੇਰਹਿਮੀ ਅਤੇ ਬੇਕਿਰਕੀ ਦੀਆਂ ਕਹਾਣੀਆਂ ਇਤਿਹਾਸ ਵਿੱਚ ਮਿਲਦੀਆਂ ਹਨ, ਜਿਵੇਂ ਬਿਨਾਂ ਛਾਣਬੀਣ ਦੇ ਗੁਰੂ ਅਰਜਨ ਦੇਵ ਜੀ ਦੀ ਹੱਤਿਆ; ਦੂਜੇ ਪਾਸੇ ਉਸ ਦੇ ਇਨਸਾਫ ਦੀ ਮਸ਼ਹੂਰੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਨਾਲ ਉਹ ਉਨ੍ਹਾਂ ਦੇ ਬਾਲ-ਬੱਚਿਆਂ ਦੀ ਗ੍ਰਿਫਤਾਰੀ ਦਾ ਨੋਟਿਸ ਨਹੀਂ ਲੈਂਦਾ। ਗੁਰੂ ਹਰਿਗੋਬਿੰਦ ਜੀ ਬਿਨਾਂ ਰੋਕ ਟੋਕ ਸਿੱਖਾਂ ਨੂੰ ਹਥਿਆਰਬੰਦ ਕਰਦੇ ਹਨ। ਬਾਅਦ ਵਿੱਚ ਉਨ੍ਹਾਂ ਨੂੰ ਕੈਦ ਕੀਤਾ ਜਾਂਦਾ ਹੈ, ਅਤੇ ਫੇਰ ਬਰੀ ਕਰਕੇ ਉਨ੍ਹਾਂ ਨਾਲ ਮਿੱਤਰਤਾ ਕਰ ਲਈ ਜਾਂਦੀ ਹੈ।

ਔਰੰਗਜ਼ੇਬ ਇਹੋ ਜਿਹਾ ਨਹੀਂ ਸੀ। ਉਹ ਕੱਟੜ ਸੁੰਨੀ ਮੁਸਲਮਾਨ ਸੀ, ਸ਼ੀਆ ਅਤੇ ਸੂਫੀਆਂ ਨੂੰ ਵੀ ਨਫਰਤ ਕਰਨ ਵਾਲਾ। ਆਪ ਸ਼ਰ੍ਹਾ ਦਾ ਪੱਕਾ ਪਾਕਬਾਜ਼ ਨਮਾਜ਼ੀ ਅਤੇ ਐਸ਼ ਇਸ਼ਰਤ ਦਾ ਵਿਰੋਧੀ ਸੀ, ਅਤੇ ਹਿੰਦੁਸਤਾਨ ਨੂੰ ਦਾਰੁਲਸਲਾਮ ਬਣਾਉਣ ਤੇ ਦ੍ਰਿੜ੍ਹ ਸੀ। ਤਖਤ ਹਾਸਿਲ ਕਰਨ ਲਈ ਆਪਣੇ ਭਰਾਵਾਂ ਨੂੰ ਤਾਂ ਸ਼ਾਹਜਹਾਨ ਨੇ ਵੀ ਮਰਵਾਇਆ ਸੀ, ਪਰ ਔਰੰਗਜ਼ੇਬ ਨੇ ਤਾਂ ਆਪਣੇ ਬਾਪ ਨੂੰ ਵੀ ਨਾ ਬਖਸ਼ਿਆ ਅਤੇ ਉਹ ਵੀ ਜੇਲ੍ਹ ਵਿੱਚ ਘੁਲ ਘੁਲ ਕੇ ਮਰਿਆ। ਹਿੰਦੂਆਂ ਤੇ ਯਾਤਰਾ ਕਰ ਤਾਂ ਸ਼ਾਹਜਹਾਨ ਨੇ ਹੀ ਦੁਬਾਰਾ ਲਾ ਦਿੱਤਾ ਸੀ ਔਰੰਗਜ਼ੇਬ ਨੇ ਜਜੀਆ ਵੀ ਫੇਰ ਲਾ ਦਿੱਤਾ। ਹਿੰਦੂ ਮੰਦਰਾਂ ਨੂੰ ਢਹਾਉਣ ਦਾ ਕੰਮ ਤਾਂ ਉਸ ਆਪਣੀ ਗੁਜਰਾਤ ਦੀ ਗਵਰਨਰੀ ਦੇ ਸਮੇਂ ਤੋਂ ਹੀ ਸ਼ੁਰੂ ਕਰ ਦਿੱਤਾ ਸੀ। ਤਖਤ ਤੇ ਬਹਿਣ ਤੋਂ ਬਾਦ ਇਸ ਕੰਮ ਵਿੱਚ ਤੇਜ਼ੀ ਲਿਆਂਦੀ ਗਈ। ਹਿੰਦੂਆਂ ਦੀ ਸਰਕਾਰੀ ਨੌਕਰੀਆਂ ਵਿੱਚ ਭਰਤੀ ਬੰਦ ਕੀਤੀ ਗਈ ਅਤੇ ਇਸਲਾਮ ਦੇ ਪ੍ਰਚਾਰ ਲਈ ਸਖਤੀ ਵੱਧ ਗਈ। ਵਿਰੋਧ ਵਿੱਚ ਜਾਟਾਂ ਅਤੇ ਸਤਿਨਾਮੀਆਂ ਦੀਆਂ ਬਗਾਵਤਾਂ ਹੋਈਆਂ, ਪਰ ਕੁਚਲ ਦਿੱਤੀਆਂ ਗਈਆਂ। ਅਕਬਰ ਦੇ ਸਮੇਂ ਤੋਂ ਵਫਾਦਾਰ ਬਣੇ ਰਾਜਪੂਤ ਵਫਾਦਾਰ ਹੀ ਬਣੇ ਰਹੇ। ਜੋਧਪੁਰ ਦੇ ਰਾਠੌਰਾਂ ਤੋਂ ਬਿਨਾਂ ਕਿਸੇ ਨੇ ਸਿਰ ਨਾ ਚੁੱਕਿਆ। ਦੱਖਣ ਵਿੱਚ ਮਰਾਠੇ ਉੱਠੇ ਪਰ ਉੱਤਰੀ ਭਾਰਤ ਦੀ ਹਿੰਦੂ ਜਨਤਾ ਬੇਬਸੀ ਦੀ ਹਾਲਤ ਵਿੱਚ ਵਧੇਰੇ ਦੁਖੀ ਹੋ ਰਹੀ ਸੀ। ਕੋਈ ਬਾਂਹ ਫੜਨ ਵਾਲਾ ਨਹੀਂ ਸੀ ਦਿੱਸਦਾ।

ਸਿੱਖ ਗੁਰੂ ਸਾਹਿਬਾਨ ਨੂੰ ਬਦ ਤੋਂ ਬਦਤਰ ਹੁੰਦੇ ਹਾਲਤ ਨੇ ਚਿੰਤਿਤ ਕੀਤਾ। ਗੁਰੂ ਹਰਿ ਰਾਇ ਜੀ ਨੇ ਔਰੰਗਜ਼ੇਬ ਦੇ ਖਿਲਾਫ ਉਸ ਦੇ ਵੱਡੇ ਭਰਾ ਦਾਰਾ ਦੀ ਕੁਝ ਸਹਾਇਤਾ ਕੀਤੀ, ਇਸ ਲਈ ਵੀ ਕਿ ਉਹ ਤਖਤ ਦਾ ਜਾਇਜ ਹੱਕਦਾਰ ਸੀ, ਪਰ ਜ਼ਿਆਦਾ ਇਸ ਕਰਕੇ ਕਿ ਉਹ ਮਜ਼ਬੀ ਤੌਰ ਤੇ ਕੱਟੜ ਨਹੀਂ ਸੀ ਪਰੰਤੂ ਦਾਰਾ ਸਫਲ ਨਾ ਹੋ ਸਕਿਆ, ਅਤੇ ਸਮਰਾਟ ਔਰੰਗਜ਼ੇਬ ਹੀ ਬਣਿਆ। ਉਸ ਨੂੰ ਜਦੋਂ ਗੁਰੂ ਸਾਹਿਬ ਦੀ ਦਾਰਾ ਪ੍ਰਤਿ ਹਮਦਰਦੀ ਦਾ ਪਤਾ ਲੱਗਾ ਕਿ ਉਸ ਨੇ ਗੁਰੂ ਹਰਿ ਰਾਇ ਜੀ ਨੂੰ ਦਰਬਾਰ ਵਿੱਚ ਹਾਜ਼ਰ ਹੋਣ ਲਈ ਕਿਹਾ। ਗੁਰੂ ਜੀ ਆਪ ਤਾਂ ਨਾ ਗਏ, ਆਪਣੇ ਵੱਡੇ ਪੁੱਤਰ ਰਾਮ ਰਾਇ ਜੀ ਨੂੰ ਭੇਜਿਆ ਪਰ ਉਸ ਨੇ ਜਨਤਾ ਦੇ ਪੱਖ ਵਿੱਚ ਡਟਣ ਦੀ ਬਜਾਏ ਕਰਾਮਾਤਾਂ ਵਿਖਾ ਕੇ ਅਤੇ ਗੁਰਬਾਣੀ ਦੇ ਗਲਤ ਅਰਥ ਕਰਕੇ ਬਾਦਸ਼ਾਹ ਨੂੰ ਖੁਸ਼ ਕਰ ਲਿਆ। ਗੁਰੂ ਸਾਹਿਬ ਉਸ ਨੂੰ ਸਿੱਖੀ ਵਿੱਚੋਂ ਛੇਕ ਕੇ ਆਪਣੇ ਪੰਜ ਸਾਲਾ ਛੋਟੇ ਬੇਟੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰੂ ਗੱਦੀ ਦੇ ਕੇ ਆਪ ਪਰਲੋਕ ਸਿਧਾਰ ਗਏ। ਗੁਰੂ ਹਰਿਕ੍ਰਿਸ਼ਨ ਜੀ ਨੂੰ ਵੀ ਔਰੰਗਜ਼ੇਬ ਨੇ ਦਿੱਲੀ ਦਰਬਾਰ ਵਿੱਚ ਬੁਲਾਇਆ ਪਰ ਉਨ੍ਹਾਂ ਦਾ ਵੀ ਬਾਦਸ਼ਾਹ ਨੂੰ ਮਿਲੇ ਬਿਨਾਂ ਹੀ ਸੁਰਗਵਾਸ ਹੋ ਗਿਆ। ਗੁਰ ਗੱਦੀ ਤੇ ਹੁਣ ਗੁਰੂ ਤੇਗ ਬਹਾਦਰ ਸਾਹਿਬ 43 ਸਾਲ ਦੀ ਉਮਰ ਵਿੱਚ ਬੈਠੇ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖਸੀਅਤ

ਬਾਬੇ ਬਕਾਲੇ ਭੋਰੇ ਵਿੱਚ ਉਨ੍ਹਾਂ ਦੇ ਤਪ ਦੀਆਂ ਸਾਖੀਆਂ ਅਤੇ ਉਨ੍ਹਾਂ ਦੀ ਵੈਰਾਗਮਈ ਬਾਣੀ ਤੋਂ ਅਕਸਰ ਇਹ ਨਤੀਜਾ ਕੱਢ ਲਿਆ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ, ਗੁਰ-ਗੱਦੀ ਤੋਂ ਪਹਿਲਾਂ, ਇਕ ਇਕਾਂਤਵਾਸੀ ਤਪੱਸਵੀ ਹੀ ਸਨ। ਪਰ ਅਸਲ ਵਿੱਚ ਇਉਂ ਨਹੀਂ ਸੀ। ਬੇਸ਼ੱਕ ਉਹ ਦੁਨਿਆਵੀ ਜੱਸ, ਅਕਾਂਖਿਆ ਜਾਂ ਮਹਾਨਤਾ ਦੀ ਇੱਛਿਆ ਤੋਂ ਉੱਪਰ ਸਨ, ਪਰ ਉਹ ਦੁਨੀਆਂ ਤੋਂ ਉਪਰਾਮ ਨਹੀਂ ਸਨ। ਚੋਦਾਂ ਸਾਲ ਦੀ ਉਮਰ ਵਿੱਚ ਉਹਨਾਂ ਕਰਤਾਰਪੁਰ ਦੇ ਯੁੱਧ ਵਿੱਚ ਤਲਵਾਰ ਦੇ ਜੌਹਰ ਵਿਖਾ ਕੇ ਹੀ ਆਪਣੇ ਗੁਰੂ ਪਿਤਾ ਤੋਂ ਤੇਗ ਬਹਾਦਰ ਦੀ ਉਪਾਧੀ ਪ੍ਰਾਪਤ ਕੀਤੀ ਸੀ। (ਉਨ੍ਹਾਂ ਦਾ ਪਹਿਲਾ ਨਾਉਂ ਤਿਆਗ ਮੱਲ ਦੱਸਿਆ ਜਾਂਦਾ ਹੈ) ਅਤੇ ਬਾਬੇ ਬਕਾਲੇ ਨਿਵਾਸ ਦੌਰਾਨ ਆਪਣੀਆਂ ਪਰਿਵਾਰਿਕ ਲੋੜਾਂ ਵੱਲ ਪੂਰਾ ਧਿਆਨ ਦੇਣ ਦੇ ਨਾਲ ਨਾਲ ਆਲੇ ਦੁਆਲੇ ਗੁਰਮਤਿ ਦਾ ਪ੍ਰਚਾਰ ਵੀ ਕਰਦੇ ਰਹੇ ਅਤੇ ਇਸੇ ਅਰਸੇ ਵਿੱਚ ਉਹ ਪ੍ਰਚਾਰ ਹਿੱਤ ਮਾਲਵੇ ਅਤੇ ਬਾਂਗਰ ਵਿੱਚ ਦੀ ਹੁੰਦੇ ਹੋਏ ਦੂਰ ਪੂਰਬ ਦੇ ਪਰਦੇਸ਼ਾਂ ਵਿੱਚ ਪ੍ਰਚਾਰ ਲਈ ਗਏ। ਇਸ ਦੌਰੇ ਦੇ ਦੌਰਾਨ ਉਨ੍ਹਾਂ ਨੂੰ ਇਕ ਵਾਰ ਗ੍ਰਿਫਤਾਰ ਕਰਕੇ ਦਿੱਲੀ ਲਿਜਾਇਆ ਗਿਆ, ਪਰ ਆਪਣੇ ਸ਼ਰਧਾਲੂ ਜੈ ਸਿੰਘ ਦੀ ਜ਼ਮਾਨਤ ਤੇ ਛੱਡ ਦਿੱਤਾ ਗਿਆ। ਉਹ ਬੜੇ ਠਰੰਮੇ ਵਾਲੇ ਪਰ ਪੱਕੇ ਇਰਾਦੇ ਵਾਲੇ ਸਨ। ਜਦੋਂ ਗੁਰੂ ਹਰਿਗੋਬਿੰਦ ਨੂੰ ਗੁਰ ਗੱਦੀ ਗੁਰੂ ਤੇਗ ਬਹਾਦਰ ਜੀ ਨੂੰ ਛੱਡ ਕੇ ਉਨ੍ਹਾਂ ਦੇ 14 ਸਾਲਾਂ ਦੇ ਭਤੀਜੇ ਗੁਰੂ ਹਰਿ ਰਾਇ ਜੀ ਨੂੰ ਦੇਣ ਦਾ ਫੈਸਲਾ ਕੀਤਾ ਤਾਂ ਉਹਨਾਂ ਪ੍ਰਿਥੀ ਚੰਦ ਜਾਂ ਧੀਰ ਮੱਲ ਵਾਂਗ ਵਿਰੋਧ ਨਹੀਂ ਕੀਤਾ, ਬਲਕਿ ਗੁਰੂ ਪਿਤਾ ਦੀ ਰਜਾ ਅੱਗੇ ਸੀਸ ਨਿਵਾਇਆ, ਪਰੰਤੂ ਜਦ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਉਨ੍ਹਾਂ ਨੂੰ ਆਪਣਾ ਅਧਿਆਤਮਿਕ ਵਾਰਸ ਬਣਾਇਆ ਤਾਂ ਖਿੜੇ ਮੱਥੇ ਗੁਰਿਆਈ ਦੀ ਜ਼ਿੰਮੇਵਾਰੀ ਕਬੂਲੀ ਅਤੇ ਨਿਭਾਈ। ਧੀਰ ਮੱਲ ਦੇ ਇਕ ਮਸੰਦ ਨੇ ਉਨ੍ਹਾਂ ਤੇ ਗੋਲੀ ਚਲਾਈ ਜਿਸ ਦੇ ਜਵਾਬ ਵਿੱਚ ਉਨ੍ਹਾਂ ਦੇ ਸੇਵਕ ਮੱਖਣ ਸ਼ਾਹ ਨੇ ਧੀਰ ਮੱਲ ਦਾ ਕੈਂਪ ਲੁਟ ਲਿਆ ਪਰ ਗੁਰੂ ਤੇਗ ਬਹਾਦਰ ਨੇ ਸਾਰਾ ਮਾਲ ਵਾਪਸ ਕਰ ਦਿੱਤਾ। ਅੰਮ੍ਰਿਤਸਰ ਮੱਥਾ ਟੇਕਣ ਗਏ ਤਾਂ ਮੀਣੇ ਮਸੰਦਾਂ ਨੇ ਹਰਿਮੰਦਿਰ ਅੰਦਰ ਨਾ ਜਾਣ ਦਿੱਤਾ, ਪਰ ਆਪ ਚੁੱਪ ਚਾਪ ਬਾਹਰ ਪਰਿਕਰਮਾ ਵਿੱਚ ਹੀ ਅਰਦਾਸ ਕਰ ਕੇ ਮੁੜ ਆਏ ਤੇ ਬਕਾਲਾ ਵੀ ਛੱਡ ਦਿੱਤਾ ਅਤੇ ਵੱਖਰਾ ਨਗਰ ਮਾਖੋਵਾਲ ਚੱਕ ਨਾਨਕੀ ਵਸਾ ਕੇ ਪ੍ਰਚਾਰ ਜਾਰੀ ਰੱਖਿਆ ਅਤੇ ਛੇਤੀ ਹੀ ਫੇਰ ਪ੍ਰਚਾਰ ਦੇ ਲੰਮੇ ਦੌਰੇ ਤੇ ਪੂਰਬ ਨੂੰ ਨਿਕਲ ਗਏ ਜਿਸ ਦੌਰਾਨ ਰਾਜਾ ਰਾਮ ਸਿੰਘ ਦੇ ਨਾਲ ਅਸਾਮ ਦੀ ਮੁਹਿੰਮ ਵਿੱਚ ਉਸ ਦਾ ਸਾਥ ਦਿੱਤਾ। ਇਸ ਅਰਸੇ ਵਿੱਚ ਔਰੰਗਜ਼ੇਬ ਦੀਆਂ ਵਧੀਕੀਆਂ ਵਿੱਚ ਦਿਨੋਂ ਦਿਨ ਵਾਧਾ ਹੁੰਦਾ ਵੇਖ ਉਹ ਵਾਪਸ ਪੰਜਾਬ ਪਰਤੇ।

### ਕਸ਼ਮੀਰੀ ਪੰਡਿਤਾਂ ਦਾ ਵਫਦ ਅਤੇ ਸ਼ਹੀਦੀ

ਹੇਠਲੇ ਗਰੀਬ ਵਰਗ ਦੇ ਹਿੰਦੂਆਂ ਦੀ ਇਕ ਵੱਡੀ ਗਿਣਤੀ ਤਾਂ ਸਹਿਜੇ ਹੀ ਮੁਸਲਮਾਨ ਬਣ ਚੁੱਕੀ ਸੀ। ਉਤਲੇ ਵਰਗ, ਬ੍ਰਾਹਮਣ ਅਤੇ ਖੱਤਰੀ ਆਦਿ ਹੀ ਆਪਣੇ ਧਰਮਾਂ ਤੇ ਡਟੇ ਹੋਏ ਸਨ। ਔਰੰਗਜ਼ੇਬ ਦਾ ਵਿਚਾਰ ਸੀ ਕਿ ਜੇ ਹਿੰਦੂ ਧਰਮ ਦੇ ਗੁਰੂ, ਬ੍ਰਾਹਮਣ ਕਿਸੇ ਤਰ੍ਹਾਂ ਮੁਸਲਮਾਨ ਬਣਾ ਲਏ ਜਾਣ ਤਾਂ ਬਾਕੀ ਦੇ ਹਿੰਦੂ ਵੀ ਛੇਤੀ ਦੀਨ ਕਬੂਲ ਲੈਣਗੇ। ਸੋ ਬ੍ਰਾਹਮਣਾਂ ਨੂੰ ਖਾਸ ਤੌਰ ਤੇ ਸਖਤੀ ਦਾ ਨਿਸ਼ਾਨਾ ਬਣਾਇਆ ਜਾਣ ਲੱਗਾ ਖਾਸ ਕਰਕੇ ਕਸ਼ਮੀਰੀ ਬ੍ਰਾਹਮਣ ਜੋ ਆਪਣੀ ਵਿਦਵਤਾ ਕਰਕੇ ਉੱਤਰੀ ਭਾਰਤ ਦੇ ਹਿੰਦੂਆਂ ਵਿੱਚ ਸਨਮਾਨਿਤ ਸਨ। ਕਸ਼ਮੀਰ ਦਾ ਗਵਰਨਰ ਸੈਫ ਖਾਨ ਦਰਵੇਸ਼ ਸੁਭਾ ਦਾ ਅਤੇ ਸੁਲਹਕੁੰਨ ਸ਼ਾਸਕ ਸੀ। ਸੰਨ 1671 ਵਿੱਚ ਔਰੰਗਜ਼ੇਬ ਨੇ ਇਫਤਖਾਰ ਖਾਨ ਨੂੰ ਸ਼ੇਰ ਅਫਗਾਨ ਦਾ ਖਿਤਾਬ ਦੇ ਕੇ ਕਸ਼ਮੀਰ ਦਾ ਸੂਬੇਦਾਰ ਬਣਾਇਆ। ਉਸ ਨੇ ਬਾਦਸ਼ਾਹ ਦੀ ਨੀਤੀ ਅਨੁਸਾਰ ਦਮਨ ਚਕਰ ਚਲਾ ਦਿੱਤਾ। ਕਸ਼ਮੀਰੀ ਪੰਡਿਤ ਦੁਖੀ ਹੋ ਕੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਜੋ ਪਹਿਲਾਂ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਾਣਦਾ ਸੀ, ਅਨੰਦਪੁਰ ਆ ਕੇ ਫਰਯਾਦੀ ਹੋਏ। ਗੁਰੂ ਸਾਹਿਬ ਸਾਰੇ ਹਾਲਾਤ ਤੋਂ ਜਾਣੂ ਹੀ ਸਨ। ਉਹਨਾਂ ਵਿਚਾਰ ਕੀਤਾ ਕਿ ਕੁਰਬਾਨੀ ਤੋਂ ਬਿਨਾਂ ਧਰਮ ਨਹੀਂ ਬਚ ਸਕਦਾ। ਪਰ ਹਿੰਦੂਆਂ ਦਾ ਮਨੋਬਲ ਏਨਾ ਗਿਰ ਚੁੱਕਾ ਸੀ ਕਿ ਉਹਨਾਂ ਵਿੱਚੋਂ ਕੋਈ

ਮਹਾਨ ਨੇਤਾ ਅੱਗੇ ਨਹੀਂ ਸੀ ਆ ਰਿਹਾ। ਦੂਜੇ ਪਾਸੇ ਸ਼ਰਨ ਆਏ ਦੀਨ ਦੁਖੀ ਦੀ ਸਹਾਇਤਾ ਕਰਨਾ ਉਨ੍ਹਾਂ ਦਾ ਆਪਣਾ ਧਰਮ ਸੀ, ਜਿਵੇਂ ਕਿ ਗੁਰਬਾਣੀ ਦੇ ਵਾਕ ਹਨ :

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ। (ਪੰਨਾ 544)

ਅਤੇ

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।।
ਸੂਰੇ ਸੇਈ ਅਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ।। (ਪੰਨਾ 579-80)

ਅਤੇ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।। (ਪੰਨਾ 1105)

ਸੋ ਬੜੀ ਸੋਚ ਸਮਝ ਤੋਂ ਬਾਦ, ਆਪਣੇ ਸਾਹਿਬਜ਼ਾਦੇ, ਗੁਰੂ ਗੋਬਿੰਦ ਰਾਇ ਜੀ ਦੀ ਸਲਾਹ ਨਾਲ ਗੁਰੂ ਤੇਗ ਬਹਾਦਰ ਨੇ ਹਿੰਦੂਆਂ ਦਾ ਤਿਲਕ ਜੰਞੂ ਬਚਾਉਣਾ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ, ਗੁਰ-ਗੱਦੀ ਸਾਹਿਬਜ਼ਾਦੇ ਨੂੰ ਸੌਂਪ ਕੇ ਸ਼ਹਾਦਤ ਦੇਣ ਲਈ ਅਨੰਦਪੁਰ ਸਾਹਿਬ ਤੋਂ ਦਿੱਲੀ ਤੱਕ ਕੂਚ ਕੀਤਾ। ਰਸਤੇ ਵਿੱਚ ਸੰਗਤਾਂ ਨੂੰ ਨਿਰਭੈਅ ਹੋਣ ਦਾ ਪਾਠ ਪੜ੍ਹਾਉਂਦੇ ਹੋਏ ਹੌਲੀ ਹੌਲੀ ਗਏ। ਪਤਾ ਲੱਗਣ ਤੇ ਕਿ ਬਾਦਸ਼ਾਹ ਤਾਂ ਦਿੱਲੀ ਵਿੱਚ ਹੈ ਨਹੀਂ ਅਤੇ ਕਿਸੇ ਮੁਹਿੰਮ ਤੇ ਗਿਆ ਹੋਇਆ ਹੈ, ਉਹ ਦਿੱਲੀ ਤੋਂ ਅੱਗੇ ਮਥਰਾ ਅਤੇ ਆਗਰੇ ਵੱਲ ਚਲੇ ਗਏ। ਉਧਰ ਬਾਦਸ਼ਾਹ ਨੂੰ ਜਦ ਖਬਰ ਮਿਲੀ ਕਿ ਗੁਰੂ, ਬਾਦਸ਼ਾਹ ਦੀ ਕੱਟੜ ਧਾਰਿਮਕ ਨੀਤੀ ਨੂੰ ਚੈਲੰਜ ਕਰਕੇ ਉਸ ਦੀ ਜ਼ਮੀਰ ਨੂੰ ਵੰਗਾਰਨ ਲਈ ਨਿਕਲਿਆ ਹੈ, ਤਾਂ ਉਸ ਨੇ ਗੁਰੂ ਜੀ ਨੂੰ ਫੜ ਕੇ ਕਤਲ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਨੂੰ ਆਗਰੇ ਦੇ ਨੇੜੇ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ ਅਤੇ ਚਾਂਦਨੀ ਚੌਂਕ ਵਿੱਚ ਇਕੱਠੀ ਹੋਈ ਭੀੜ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ। ਉਸ ਤੋਂ ਪਹਿਲਾਂ ਉਨ੍ਹਾਂ ਨੂੰ ਇਸਲਾਮੀ ਸ਼ਰ੍ਹਾ ਮੁਤਾਬਿਕ ਤਿੰਨ ਬਦਲ ਦੱਸੇ ਗਏ - ਜਾਂ ਤੇ ਆਪਣੀ ਪੀਰੀ ਦੇ ਸਬੂਤ ਵਜੋਂ ਕਰਾਮਾਤ ਵਿਖਾਉ, ਜਾਂ ਇਸਲਾਮ ਕਬੂਲ ਕਰੋ, ਨਹੀਂ ਤੇ ਮਰਨ ਲਈ ਤਿਆਰ ਹੋ ਜਾਉ। ਗੁਰੂ ਜੀ ਦਾ ਉੱਤਰ ਸੀ।

ਮੋਹਿ ਮਰਨੇ ਕਾ ਚਾਉ ਹੈ ......

**ਇਕ ਭੁਲੇਖੇ ਦਾ ਨਿਪਟਾਰਾ**

ਕੁਝ ਲੇਖਕਾਂ ਨੇ ਗੁਲਾਮ ਹੁਸੈਨ ਦੀ ਕਿਤਾਬ ਸਿਯਾਰੁਲ ਮੁਤਾਖਰੀਨ ਦੀ ਗਲਤ ਬਿਆਨੀ ਨੂੰ ਸੱਚ ਮੰਨ ਕੇ ਇਹ ਕਿਹਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਨ ਇਹ ਸੀ ਕਿ ਉਨ੍ਹਾਂ ਨੇ ਲੋਕਾਂ ਤੋਂ ਜ਼ਬਰਦਸਤੀ ਉਗਰਾਹੀ ਲੈਣੀ ਸ਼ੁਰੂ ਕਰ ਦਿੱਤੀ ਅਤੇ ਇਸੇ ਤਰ੍ਹਾਂ ਇਕ ਹੋਰ ਸ਼ਖਸ ਹਾਫਿਜ਼ ਵੀ ਮੁਸਲਮਾਨਾਂ ਤੋਂ ਜਬਰਦਸਤੀ ਪੈਸਾ ਬਟੋਰਦਾ ਸੀ ਅਤੇ ਇਨ੍ਹਾਂ ਦੋਹਾਂ ਨੇ ਸਾਂਝਾ ਮੁਹਾਜ਼ ਬਣਾ ਲਿਆ ਸੀ ਅਤੇ ਇਸ ਦੀ ਰਿਪੋਰਟ ਬਾਦਸ਼ਾਹ ਨੂੰ ਪਹੁੰਚੀ ਤਾਂ ਉਸ ਨੇ ਇਨ੍ਹਾਂ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ ਅਤੇ ਹਾਫਿਜ਼ ਆਦਮ ਨੂੰ ਮੁਲਕ ਵਿੱਚੋਂ ਕੱਢ ਦੇਣ ਦਾ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਤਲ ਕਰਨ ਦਾ ਹੁਕਮ ਦਿੱਤਾ।

ਗੁਲਾਮ ਹੁਸੈਨ ਦੀ ਕਿਤਾਬ ਗੁਰੂ ਸਾਹਿਬ ਦੀ ਸ਼ਹੀਦੀ ਤੋਂ 106 ਸਾਲ ਬਾਦ ਸੁਣੇ ਸੁਣਾਏ ਗੱਪਾਂ ਦੇ ਆਧਾਰ ਤੇ ਲਿਖੀ ਗਈ ਅਤੇ ਉਸ ਦਾ ਝੂਠ ਉਸ ਦੇ ਆਪਣੇ ਬਿਆਨ ਤੋਂ ਹੀ ਜ਼ਾਹਿਰ ਹੋ ਜਾਂਦਾ ਹੈ। ਜਿਸ ਹਾਫਿਜ਼ ਆਦਮ ਨਾਲ ਉਹ ਗੁਰੂ ਸਾਹਿਬ ਦਾ ਸਾਂਝਾ ਮੁਹਾਜ਼ ਬਣਾਉਣਾ ਦੱਸਦਾ ਹੈ, ਉਹ ਉਨ੍ਹਾਂ ਦੇ ਗੁਰੂ ਬਣਨ ਤੋਂ ਵੀ 21 ਸਾਲ ਪਹਿਲਾਂ ਸੰਨ 1643 ਵਿੱਚ ਮਰ ਚੁੱਕਾ ਸੀ। ਫੇਰ ਇਹ ਸ਼ਖਸ਼ ਸ਼ੇਖ ਅਹਿਮਦ ਸਰਹੰਦੀ ਦੇ ਕੱਟੜਵਾਦੀ ਨਕਸ਼ਬੰਦੀ ਸਿਲਸਿਲੇ ਦਾ ਰੁਕਨ ਸੀ। ਕਿਸੇ ਸਿੱਖ ਗੁਰੂ ਦਾ ਉਸ ਨਾਲ ਸੰਬੰਧ ਰੱਖਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਗੁਲਾਮ ਹੁਸੈਨ ਅਨੁਸਾਰ, ਗੁਰੂ ਸਾਹਿਬ ਦੀ ਦੇਹ ਦੇ ਚਾਰ ਟੁੱਕੜੇ ਕਰਕੇ ਦਿੱਲੀ ਵਿੱਚ ਵੱਖ-ਵੱਖ ਥਾਵਾਂ ਤੇ ਲਟਕਾਏ ਗਏ, ਪਰੰਤੂ ਲੇਖਕ ਸ਼ਾਇਦ ਨਹੀਂ ਜਾਣਦਾ ਕਿ ਉਸ ਦੀ ਕਿਤਾਬ ਲਿਖਣ ਤਕ

ਦਿੱਲੀ ਵਿੱਚ ਸਰਦਾਰ ਬਘੇਲ ਸਿੰਘ ਨੇ ਪੂਰੀ ਪੜਤਾਲ ਕਰ ਕੇ ਦੋ ਗੁਰਦੁਆਰੇ ਵੀ ਬਣਵਾ ਦਿੱਤੇ ਸਨ, ਇਕ ਚਾਂਦਨੀ ਚੌਕ ਵਿਖੇ ਜਿੱਥੇ ਗੁਰੂ ਸਾਹਿਬ ਦੀ ਹੱਤਿਆ ਕੀਤੀ ਗਈ ਅਤੇ ਦੂਜਾ ਰਾਇਸਿਨ (ਨਵੀਂ ਦਿੱਲੀ) ਵਿੱਚ ਜਿੱਥੇ ਲੱਖੀ ਸ਼ਾਹ ਵਣਜਾਰੇ ਨੇ ਉਹਨਾਂ ਦੇ ਧੜ ਦਾ ਆਪਣੇ ਘਰ ਸਮੇਤ ਸਸਕਾਰ ਕਰ ਦਿੱਤਾ ਸੀ ਅਤੇ ਗੁਰੂ ਸਾਹਿਬ ਦੇ ਸੀਸ ਦਾ ਸਸਕਾਰ ਅਨੰਦਪੁਰ ਸਾਹਿਬ ਵਿਖੇ ਕੀਤਾ ਗਿਆ, ਉੱਥੇ ਸਮਾਧ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਬਣਵਾਈ ਸੀ। ਵੈਸੇ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਹੀ ਸਾਧੂ ਸੁਭਾਅ ਸ਼ਖਸੀਅਤ ਉੱਤੇ ਜਬਰੀ ਧਨ ਇਕੱਠਾ ਕਰਨ ਦੀ ਊਜ ਲਾਉਣੀ ਬਹੁਤ ਘਟੀਆ ਮਾਲੂਮ ਹੁੰਦੀ ਹੈ। ਧਨ ਦੀ ਕਮੀ ਤਾਂ ਗੁਰੂ ਘਰ ਵਿੱਚ ਕਦੀ ਵੀ ਨਹੀਂ ਸੀ ਹੋਈ। ਜੇ ਹੋਈ ਹੁੰਦੀ ਤਾਂ ਉਹ ਸ਼ਹਿਰ ਤੇ ਸਰੋਵਰ ਨਾ ਬਣਾ ਸਕਦੇ, ਫੌਜਾਂ ਤਿਆਰ ਨਾ ਕਰ ਸਕਦੇ। ਗੁਰੂ ਤੇਗ ਬਹਾਦਰ ਸਾਹਿਬ ਨੇ ਤਾਂ ਧੀਰ ਮੱਲ ਤੋਂ ਲੁੱਟਿਆ ਸਾਮਾਨ ਵੀ ਵਾਪਸ ਕਰਵਾ ਦਿੱਤਾ ਸੀ ਅਤੇ ਉਨ੍ਹਾਂ ਦੇ ਬਚਨ ਹਨ :

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ। (ਪੰਨਾ 1427)

ਉਨ੍ਹਾਂ ਦੀ ਸ਼ਹਾਦਤ ਦਾ ਕਾਰਣ ਸਿਆਸੀ ਤਾਂ ਕਿਹਾ ਜਾ ਸਕਦਾ ਹੈ, ਪਰ ਮੁਜਰਮਾਨਾ ਕਦਾਚਿਤ ਨਹੀਂ।

**ਸ਼ਹਾਦਤ ਦੇ ਨਤੀਜੇ**

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਵਿੱਚ ਆਪਣੀ ਮਿਸਾਲ ਆਪ ਹੀ ਹੈ। ਆਪਣੇ ਧਰਮ ਲਈ, ਦੇਸ਼ ਲਈ ਜਾਂ ਉੱਚ ਆਦਰਸ਼ਾਂ ਲਈ ਤਾਂ ਅਨੇਕਾਂ ਸ਼ਹੀਦੀਆਂ ਹੁੰਦੀਆਂ ਰਹੀਆਂ ਹਨ, ਪਰ ਕਿਸੇ ਦੂਜੇ ਦੇ ਧਰਮ ਸੰਕਟ ਨੂੰ ਦੂਰ ਕਰਨ ਖਾਤਰ ਆਪਣੀ ਮਰਜ਼ੀ ਨਾਲ ਮੌਤ ਕਬੂਲਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਜੀ ਹੋਏ ਹਨ। ਵਾਕਈ ਉਹਨਾਂ 'ਕੀਨੋ ਬਡੋ ਕਲੂ ਮਹਿ ਸਾਕਾ'। ਐਡੀ ਵੱਡੀ ਸਾਮਰਾਜੀ ਤਾਕਤ ਉਹਨਾਂ ਇਕੱਲਿਆਂ ਨੇ ਵੰਗਾਰੀ, ਮਾਨੋ ਇਹ ਕਹਿੰਦਿਆਂ ਕਿ 'ਨਿੱਤ ਥੋੜ ਦਿਲੇ, ਬੇਬਸ, ਕਮਜ਼ੋਰ ਲੋਕਾਂ ਤੇ ਆਪਣਾ ਧਰਮ ਬਦਲਣ ਲਈ ਆਪਣੀ ਤਾਕਤ ਦਾ ਰੋਅਬ ਵਿਖਾਉਣ ਵਾਲਿਆਂ ਦੀ ਤਾਕਤ ਦੇਖਦੇ ਹਾਂ। ਬਾਦਸ਼ਾਹ ਨੇ ਜ਼ੋਰ ਅਜ਼ਮਾਇਆ ਪਰ ਗੁਰੂ ਸਾਹਿਬ ਨੇ ਹੱਸਦਿਆਂ ਹੱਸਦਿਆਂ 'ਸੀਸ ਦੀਆ ਪਰ ਸਿਰਰ ਨਾ ਦੀਆ।' ਉਹਨਾਂ ਪ੍ਰਾਨ ਦੇ ਦਿੱਤੇ ਪਰ ਧਰਮ ਦੀ ਆਨ ਕਾਇਮ ਰੱਖੀ। ਉਹਨਾਂ ਦੀ ਸ਼ਹਾਦਤ ਕਸ਼ਮੀਰੀ ਪੰਡਤਾਂ ਤੇ ਅਹਿਸਾਨ ਨਹੀਂ ਸੀ, ਬਲਕਿ ਸਾਧੂਆਂ ਹੇਤ ਸੀ, ਉਸ ਸਰਬ ਸਾਂਝੇ ਧਰਮ ਹਿਤ ਜਿਸ ਵਿੱਚ 'ਨਾ ਕੋ ਬੈਰੀ ਨਾਹੀ ਬਿਗਾਨਾ', ਜਿਸ ਵਿੱਚ ਕਿਸੇ ਉੱਤੇ ਵੀ ਧੱਕਾ ਬੇਇਨਸਾਫੀ ਹੁੰਦਾ ਵੇਖ, ਡਟ ਖਲੋਣਾ ਆਪਣਾ ਖੁਦ ਦਾ ਧਰਮ ਸਮਝਿਆ ਜਾਂਦਾ ਹੈ।

ਇਸ ਸ਼ਹੀਦੀ ਦੀ ਫੌਰੀ ਪ੍ਰਤਿਕ੍ਰਿਆ ਜਨਤਾ ਵਿੱਚ ਗਮ ਅਤੇ ਗੁੱਸੇ ਦੀ ਭਾਵਨਾ ਸੀ। ਲੋਕ ਤ੍ਰਾਹ ਤ੍ਰਾਹ ਕਰ ਉਠੇ 'ਹੈ ਹੈ ਹੈ ਸਭ ਜਗਿ ਭਇਓ'। ਪਰ ਇਹ ਗੁੱਸਾ ਬੇਬਸੀ ਦਾ ਡਰ ਅਤੇ ਦਹਿਲ ਰਲੇ ਕਾਂਬੇ ਦਾ ਸੀ। ਕੋਈ ਰੌਲਾ ਨਾ ਪਿਆ, ਕੋਈ ਇਤਰਾਜ ਨਾ ਹੋਇਆ। ਹਾਂ ਇੱਕਾ ਦੁੱਕਾ ਰੋਸ ਦਾ ਪ੍ਰਗਟਾਵਾ ਹੋਣ ਦਾ ਜ਼ਿਕਰ ਇਤਿਹਾਸ ਵਿੱਚ ਹੈ, ਜਿਵੇਂ ਕਿ ਦਿੱਲੀ ਦੇ ਕੋਤਵਾਲ ਖ੍ਵਾਜਾ ਅਬਦੁਲਾ ਦਾ ਨੌਕਰੀ ਛੱਡ ਕੇ ਆਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ ਆਉਣਾ ਅਤੇ ਸ਼ਹਾਦਤ ਤੋਂ ਲਗਭਗ ਇਕ ਸਾਲ ਬਾਦ ਜਾਮਾ ਮਸਜਿਦ ਤੋਂ ਬਾਹਰ ਨਿਕਲਦੇ ਔਰੰਗਜ਼ੇਬ ਉੱਤੇ ਇਕ ਸਿੱਖ ਦਾ ਨਾਕਾਮ ਹਮਲਾ। ਡਰ ਤੋਂ ਨਫ਼ਰਤ ਦਾ ਜਨਮ ਤਾਂ ਹੁੰਦਾ ਹੀ ਹੈ। ਲੋਕਾਂ ਵਿੱਚ ਬਾਦਸ਼ਾਹ ਅਤੇ ਉਸ ਦੀ ਰਾਜ ਸੱਤਾ ਦੇ ਖਿਲਾਫ ਨਫ਼ਰਤ ਵਿੱਚ ਵਾਧਾ ਹੋਇਆ।

ਪਰੰਤੂ ਇਹ ਅਸਰ ਆਮ ਲੋਕਾਂ ਤੇ ਹੋਇਆ, ਗੁਰੂ ਗੋਬਿੰਦ ਸਿੰਘ ਜੀ ਤੇ ਨਹੀਂ। ਬਾਲ ਗੁਰੂ ਨੇ ਬੜੇ ਠਰ੍ਹੰਮੇ ਨਾਲ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਦਾ ਕਟਿਆ ਸੀਸ ਸਵੀਕਾਰ ਕੀਤਾ, ਬੜੀ ਗੰਭੀਰਤਾ ਨਾਲ ਉਸ ਦਾ ਸਸਕਾਰ ਕੀਤਾ ਅਤੇ ਬੜੇ ਜੇਰੇ ਨਾਲ ਹੋਰਨਾਂ ਨੂੰ ਹੌਸਲਾ ਦਿੱਤਾ।

ਜਦ ਭਾਈ ਜੈਤਾ ਨੇ ਸਾਰੀ ਵਾਰਤਾ ਸੁਣਾਈ ਅਤੇ ਦੱਸਿਆ ਕਿ ਸ਼ਹੀਦੀ ਵੇਲੇ ਵੇਖਣ ਵਾਲਿਆਂ ਵਿੱਚ ਸਿੱਖ ਤਾਂ ਕਈ ਜ਼ਰੂਰ ਹੋਣਗੇ, ਪਤਾ ਨਹੀਂ ਕਿਉਂ ਕੋਈ ਨਿੱਤਰ ਕੇ ਅੱਗੇ ਤਾਂ ਆਇਆ ਨਹੀਂ ਸੀ, ਤਾਂ ਉਸੇ ਗੰਭੀਰਤਾ

ਨਾਲ ਗੁਰੂ ਸਾਹਿਬ ਨੇ ਕਿਹਾ ਕਿ ਮੈਂ ਸਿੱਖਾਂ ਨੂੰ ਅਜਿਹੇ ਬਣਾ ਦਿਆਂਗਾ ਕਿ ਇਕੱਲਾ ਸਿੱਖ ਹਜਾਰਾਂ ਦੀ ਭੀੜ ਵਿਚ ਬੇ-ਪਛਾਣਾ ਨਾ ਰਹੇ। ਇਹ ਖਾਲਸੇ ਦੀ ਸਿਰਜਨਾ ਵੱਲ ਸੰਕੇਤ ਸੀ।

ਗੁਰੂ ਸਾਹਿਬਾਨ ਵੱਲੋਂ ਸ਼ਾਂਤਮਈ ਢੰਗ ਨਾਲ ਜ਼ੁਲਮ ਦਾ ਟਾਕਰਾ ਕਰਨ ਦਾ ਇਹ ਦੂਜਾ ਉਪਰਾਲਾ ਸੀ ਜੋ ਜਿੱਥੋਂ ਤਕ ਜ਼ਾਲਮ ਦਾ ਸੰਬੰਧ ਹੈ ਨਾਕਾਮ ਰਿਹਾ। ਔਰੰਗਜ਼ੇਬ ਦੇ ਜ਼ੁਲਮ ਹੋਰ ਵੱਧ ਗਏ। ਹੁਣ ਹਿੰਦੂ ਮੰਦਰਾਂ ਦੇ ਨਾਲ ਸਿੱਖਾਂ ਦੇ ਗੁਰਦੁਆਰੇ ਵੀ ਢਾਹੇ ਜਾਣ ਲੱਗੇ। ਗੁਰੂ ਗੋਬਿੰਦ ਸਿੰਘ ਜੀ ਨੂੰ ਯਕੀਨ ਹੋ ਗਿਆ ਕਿ ਅਕਾਲ ਪੁਰਖ ਵੱਲੋਂ ਦਿੱਤੇ 'ਧਰਮ ਚਲਾਵਨ ਸੰਤ ਉਬਾਰਨ' ਦੇ ਮਿਸ਼ਨ ਨੂੰ ਪੂਰਾ ਕਰਨ ਲਈ 'ਦੁਸ਼ਟ ਸਭਨ ਕੋ ਮੂਲ ਉਪਾਰਨ' ਜ਼ਰੂਰੀ ਸੀ, 'ਸੰਤਾ ਮਾਨਉ' ਦੇ ਨਾਲ ਨਾਲ 'ਦੁਸ਼ਟਾ ਡਾਨਉ' ਵੀ ਰੱਬੀ ਇਨਸਾਫ ਦਾ ਅੰਗ ਹੈ। ਪ੍ਰਹਿਲਾਦ ਨੂੰ ਤਾਰਣ ਲਈ ਹਰਣਾਕਸ਼ ਦੁਸ਼ਟ ਨੂੰ ਮਾਰਨਾ ਹਰਿ ਲਈ ਜ਼ਰੂਰੀ ਹੋ ਗਿਆ ਸੀ। ਇਸ ਲਈ

**'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।'**

ਉਨ੍ਹਾਂ ਆਪਣੇ ਦਾਦਾ ਗੁਰੂ ਦੀ ਰਣਨੀਤੀ ਨੂੰ ਸੁਰਜੀਤ ਹੀ ਨਹੀਂ ਕੀਤਾ, ਖਾਲਸਾ ਕੌਮ ਨੂੰ ਸਿੱਖਰ ਤੀਕ ਪਹੁੰਚਾਇਆ।

ਉਧਰ ਸਿੱਖਾਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਜ਼ਿੰਦਾ ਮਿਸਾਲ ਨਾਲ ਉਹਨਾਂ ਅਤੇ ਉਨ੍ਹਾਂ ਤੋਂ ਪਹਿਲੇ ਗੁਰੂ ਸਾਹਿਬਾਨ ਦੁਆਰਾ ਦਿੱਤਾ ਨਿਰਭੈਤਾ ਦਾ ਜ਼ਰੂਰੀ ਸਬਕ ਇਕ ਦੈਵੀ ਗੁਣ ਦੇ ਰੂਪ ਵਿੱਚ ਦ੍ਰਿੜ੍ਹ ਹੋ ਗਿਆ। ਜਿਸ ਰਾਹ ਤੇ ਗੁਰੂ ਆਪ ਤੁਰ ਕੇ ਵਿਖਾਉਂਦਾ ਹੈ ਉਸ ਉੱਤੇ ਤੁਰਨੋਂ ਸਿੱਖ ਕਿਉਂ ਝਿਜਕੇ। ਹੁਣ ਸਿੱਖਾਂ ਨੂੰ ਡਰ ਦੀ ਥਾਂ ਸ਼ਹੀਦੀ ਦਾ ਚਾਅ ਚੜ੍ਹਨ ਲੱਗਾ।

ਇਹ ਨਵੀਂ ਸਪਿਰਿਟ ਸਿੱਖਾਂ ਵਿੱਚ ਹੀ ਨਹੀਂ, ਸਾਰੇ ਹਿੰਦੁਸਤਾਨ ਵਿੱਚ ਫੈਲੀ। ਦੂਰੋਂ ਦੂਰੋਂ ਹਿੰਦੂ, ਖਾਸ ਕਰਕੇ ਦਰੜੇ ਜਾ ਰਹੇ ਵਰਗਾਂ ਵਿੱਚੋਂ, ਸਿੱਖਾਂ ਦੇ ਸਿਰ ਲੱਥ ਸੰਤ ਸਿਪਾਹੀਆਂ ਦੀ ਫੌਜ ਵਿੱਚ ਭਰਤੀ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਝੰਡੇ ਥੱਲੇ ਜਮ੍ਹਾ ਹੋਣ ਲੱਗੇ, ਸਿਰ ਤਲੀ ਤੇ ਧਰ, 'ਮੁਹਿ ਮਰਨੇ ਦਾ ਚਾਉ ਹੈ, 'ਗਾਉਂਦੇ ਹੋਏ 1699 ਦੀ ਵਿਸਾਖੀ ਵਾਲੇ ਦਿਨ ਨਿੱਤਰਨ ਵਾਲੇ ਸੂਰਮਿਆਂ ਵਿੱਚ ਇਨ੍ਹਾਂ ਹੀ ਵਰਗਾਂ ਦੇ ਕੁਝ ਦੂਰ-ਦੁਰਾਡੇ ਹਸਤਨਾਪੁਰ, ਬਿਦਰ ਅਤੇ ਦੁਆਰਕਾ ਤੋਂ ਆਏ ਸਿੱਖ ਬਣੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਾਲ ਪੀੜੀ ਜਾ ਰਹੀ, ਬੇਸਹਾਰਾ ਹੋਈ ਜਨਤਾ ਵਿੱਚ ਇਕ ਨਵੀਂ ਸਿਆਸੀ ਧਾਰਮਿਕ ਚੇਤਨਾ ਦਾ ਆਰੰਭ ਹੋਇਆ। ਕਹਿ ਸਕਦੇ ਹਾਂ ਕਿ ਇਤਿਹਾਸ ਦੇ ਗਰਭ ਵਿੱਚ ਖਾਲਸੇ ਦਾ ਪ੍ਰਵੇਸ਼ ਨਵੰਬਰ 1675 ਵਿੱਚ ਹੋ ਗਿਆ ਜਿਸ ਨੇ ਸਮਾਂ ਪਾ ਕੇ 30 ਮਾਰਚ 1699 ਨੂੰ ਆਨੰਦਪੁਰ ਵਿੱਚ ਜਨਮ ਲਿਆ।

ਪਾਠ ਨੰਬਰ : 2.3 (ੲ)

## ਮੀਰੀ ਪੀਰੀ

ਮੀਰੀ ਪੀਰੀ ਦੀ ਵਿਚਾਰਧਾਰਾ ਦਾ ਸਿੱਧਾ ਸੰਬੰਧ ਸ੍ਰੀ ਹਰਿਗੋਬਿੰਦ ਜੀ ਨਾਲ ਜੋੜਿਆ ਜਾਂਦਾ ਹੈ। ਉਨ੍ਹਾਂ ਦਾ ਜਨਮ ਜੂਨ 1595 ਈ. ਵਿੱਚ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਵਡਾਲੀ ਵਿਖੇ ਹੋਇਆ। ਇਹ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਪੁੱਤਰ ਸਨ ਅਤੇ ਇਨ੍ਹਾਂ ਦੀ ਮਾਤਾ ਦਾ ਨਾਂ ਗੰਗਾ ਦੇਵੀ ਸੀ। ਹਰਿਗੋਬਿੰਦ ਜੀ ਬਚਪਨ ਤੋਂ ਹੀ ਬੜੇ ਹੋਣਹਾਰ ਸਨ। ਉਨ੍ਹਾਂ ਨੂੰ ਬਹੁਤ ਸਾਰੀਆਂ ਭਾਸ਼ਾਵਾਂ ਦਾ ਗਿਆਨ ਸੀ। ਕਿਹਾ ਜਾਂਦਾ ਹੈ ਕਿ ਭਾਈ ਬੁੱਢਾ ਜੀ ਨੇ ਉਨ੍ਹਾਂ ਨੂੰ ਧਾਰਮਿਕਤਾ ਦਾ ਗਿਆਨ ਦਿੱਤਾ ਅਤੇ ਨਾਲ ਹੀ ਉਨ੍ਹਾਂ ਨੂੰ ਵੱਖ ਵੱਖ ਸ਼ਸਤਰਾਂ ਦੀ ਵਰਤੋਂ ਕਰਨੀ ਵੀ ਸਿਖਾਈ ਸੀ। ਉਨ੍ਹਾਂ ਨੂੰ ਘੋੜ-ਸਵਾਰੀ ਕਰਨ, ਸ਼ਿਕਾਰ ਖੇਡਣ, ਘੁਲਣ ਤੇ ਹੋਰ ਮਰਦਾਨੀਆਂ ਖੇਡਾਂ ਖੇਡਣ ਦਾ ਅਭਿਆਸ ਵੀ ਕਰਵਾਇਆ ਜਾਂਦਾ ਸੀ। ਹਰਿਗੋਬਿੰਦ ਸਾਹਿਬ ਦੀ 1606 ਤੋਂ 1645 ਈ. ਤੱਕ ਗੁਰ-ਗਦੀ ਉਪਰ ਬਿਰਾਜਮਾਨ ਰੱਹੇ ਸੀ ਅਤੇ ਉਹ ਮੁਗਲ ਸਮਰਾਟ ਜਹਾਂਗੀਰ ਦੇ ਸਮਕਾਲੀ ਸਨ।

ਮੀਰੀ ਪੀਰੀ ਦਾ ਸੰਬੰਧ ਭਾਵੇ ਗੁਰੂ ਹਰਗੋਬਿੰਦ ਜੀ ਨਾਲ ਹੈ ਪਰ ਇਸ ਦੇ ਬੀਜ ਸਿੱਖ ਚਿੰਤਨ ਵਿਚ ਪ੍ਰਾਪਤ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਦਰਲੀ ਗਵਾਹੀ
ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਇਹ ਬੀਜ ਭਗਤ ਬਾਣੀਕਾਰਾਂ ਵਿਚ ਵੀ ਪ੍ਰਾਪਤ ਸਨ। ਇਸ ਦੇ ਨਾਲ ਹੀ ਸਿੱਖ ਸਾਹਿਤ ਵਿਚ ਅਜਿਹੇ ਸੰਕੇਤ ਪ੍ਰਾਪਤ ਹਨ ਜਿਨ੍ਹਾਂ ਤੋਂ ਸਾਬਿਤ ਹੋ ਜਾਂਦਾ ਹੈ ਕਿ ਪੰਜਵੇਂ ਗੁਰੂ ਅਰਜਨ ਦੇਵ ਜੀ 'ਮੀਰੀ ਪੀਰੀ' ਦੇ ਸੰਕਲਪ ਦੇ ਪ੍ਰਕਾਸ਼ਨ ਪ੍ਰਤੀ ਚੇਤੰਨ ਸਨ। ਭਾਈ ਗੁਰਦਾਸ ਜੀ ਪੰਚਮ ਪਾਤਸ਼ਾਹ ਦੇ ਸਭ ਤੋਂ ਨਜ਼ਦੀਕੀ ਸਿੱਖ ਆਖੇ ਜਾ ਸਕਦੇ ਹਨ ਅਤੇ ਉਹਨਾਂ ਦੀ ਚੇਤਨਾ ਨੇ ਵੀ ਮਹਾਰਾਜ ਦੀ ਇਸ ਕਲਾ ਦਾ ਅਹਿਸਾਸ ਕਰ ਲਿਆ ਸੀ। ਉਨ੍ਹਾਂ ਦੁਆਰਾ ਲਿਖੀ ਇਕ ਵਾਰ ਜਿਸ ਦਾ ਸਿੱਖ ਧਰਮ ਦੇ ਮਹਾਨ ਸ਼ਹੀਦ ਤੇ ਵਿਦਵਾਨ ਭਾਈ ਮਨੀ ਸਿੰਘ ਜੀ ਨੇ ਟੀਕਾ ਕੀਤਾ ਹੋਇਆ ਹੈ, ਵਿਚ ਪੰਚਮ ਪਾਤਸ਼ਾਹ ਹਜ਼ੂਰ ਦੇ ਸਮੇਂ ਦੀਆਂ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਹੈ ਜੋ ਇਸ ਗੱਲ ਵੱਲ ਧਿਆਨ ਦਿਵਾਉਂਦੀਆਂ ਹਨ ਕਿ ਇਸ ਸਿਧਾਂਤ ਦਾ ਪ੍ਰੋਗਰਾਮ ਪਹਿਲਾਂ ਤੋਂ ਹੀ ਸੀ ਅਤੇ ਪ੍ਰੋਗਰਾਮ ਦੇ ਪ੍ਰਕਾਸ਼ਨ ਵਾਸਤੇ ਕੇਵਲ ਸਮੇਂ ਦੀ ਉਡੀਕ ਕੀਤੀ ਜਾ ਰਹੀ ਸੀ। ਇਸ ਵਾਰ ਵਿਚ ਇਕ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਹੈ ਕਿ ਇਕ ਵਾਰ ਭਾਈ ਚੂਹੜ ਨਾਂ ਦਾ ਸਿੱਖ ਪੰਚਮ ਪਾਤਸ਼ਾਹ ਹਜ਼ੂਰ ਪਾਸ ਆਇਆ ਤੇ ਉਪਦੇਸ਼ ਮੰਗਿਆ। ਗੁਰੂ ਜੀ ਨੇ ਉਪਦੇਸ਼ ਦਿੱਤਾ, "ਧਰਮ ਦਾ ਯੁੱਧ ਕਰਨਾ ਧਰਮ ਹੈ, ਜੋ ਗਰੀਬਾਂ ਨੂੰ ਸਤਾਏ ਉਸ ਨਾਲ ਯੁੱਧ ਕਰਨਾ, ਕਲਿਆਣ ਹੋਵੇਗਾ।" ਇਸ ਤੋਂ ਪਤਾ ਲੱਗਦਾ ਹੈ ਕਿ ਮੀਰੀ ਤੇ ਪੀਰੀ ਲਈ ਪਹਿਲਾਂ ਤੋਂ ਹੀ ਖੇਤ ਵਾਹ-ਸੰਵਾਰ ਕੇ ਤਿਆਰ ਕੀਤਾ ਜਾ ਰਿਹਾ ਸੀ। ਧਰਮ ਯੁੱਧ ਦਾ ਪ੍ਰਚਾਰ ਲੋਕਾਂ ਦੇ ਦਿਲਾਂ ਵਿਚ ਭਰਿਆ ਜਾ ਰਿਹਾ ਸੀ। ਇਸੇ ਵਾਰ ਦੀ 28ਵੀਂ ਪਉੜੀ ਵਿਚ ਭਾਈ ਸੀਗਾਰੂ ਅਤੇ ਭਾਈ ਜੈਤਾ ਜੀ ਨਾਂ ਦੇ ਦੋ ਸਿੱਖਾਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਜਦ ਇਹਨਾਂ ਨੇ ਗੁਰੂ ਘਰ ਦੇ ਦੋਖੀਆਂ ਵਿਰੁੱਧ ਹਥਿਆਰ ਚੁੱਕਣ ਲਈ ਆਗਿਆ ਮੰਗੀ ਤਾਂ ਪੰਚਮ ਪਾਤਸ਼ਾਹ ਹਜ਼ੂਰ ਨੇ ਫੁਰਮਾਇਆ, "ਅਸਾਂ ਜੋ ਸ਼ਸਤਰ ਪਕੜਨੇ ਹੈਨਿ, ਹਰਿਗੋਬਿੰਦ ਦਾ ਰੂਪ ਧਾਰਨ ਕਰ ਪਕੜਨੈ ਹੈਨਿ। ਸਮਾਂ ਕਲਯੁਗ ਦਾ ਵਰਤਣਾ ਹੈ। ਸ਼ਸਤਰ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਖਿੱਚ ਲੈਣੀ ਹੈ।" ਕਿਹਾ ਜਾਂਦਾ ਹੈ ਕਿ ਅਜਿਹਾ ਸੁਨੇਹਾ ਹੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੇਜਿਆ ਸੀ। ਉਸ ਨੂੰ ਪੂਰੀ ਤਰ੍ਹਾਂ ਸ਼ਸਤਰਾਂ ਨਾਲ

ਸੁਸ਼ੋਭਿਤ ਹੋ ਕੇ ਗੱਦੀ ਤੇ ਬੈਠਣਾ ਚਾਹੀਦਾ ਹੈ ਅਤੇ ਆਪਣੀ ਪੂਰੀ ਯੋਗਤਾ ਨਾਲ ਸੈਨਾ ਰੱਖਣੀ ਚਾਹੀਦੀ ਹੈ। ਇਸ ਸੁਨੇਹੇ ਨੂੰ ਇਤਿਹਾਸ ਵਿਚ ਇਸ ਤਰ੍ਹਾਂ ਸੰਭਾਲਿਆ ਹੋਇਆ ਹੈ :

ਹਰਿਗੋਬਿੰਦ ਗੁਰ ਪਾਸ, ਬਹੁਰ ਜਾਇ ਸਭ ਹੀ ਕਹੋ।
ਕਰਿਓ ਪੁੰਨ ਅਰਦਾਸ, ਬਹੁ ਤੁਰਕਨ ਕੋ ਯੁੱਧ ਕਰੋ।

ਜਿਥੋਂ ਤੱਕ ਇਨ੍ਹਾਂ ਸ਼ਬਦਾਂ ਦਾ ਸੰਬੰਧ ਹੈ ਇਹ ਦੋਵੇਂ ਸ਼ਬਦ ਮੀਰ ਅਤੇ ਪੀਰ ਅਰਬੀ ਮੂਲ ਤੋਂ ਆਏ ਹਨ। ਮੀਰ ਅਰਬੀ ਦੇ ਅਮੀਰ ਸ਼ਬਦ ਦੇ ਸੰਖੇਪ ਵਜੋਂ ਵਰਤਿਆ ਜਾਂਦਾ ਹੈ ਅਤੇ ਇਸ ਦੇ ਸ਼ਾਬਦਿਕ ਅਰਥ ਹਨ : ਹਾਕਮ, ਹੁਕਮ ਕਰਨ ਵਾਲਾ, ਸੈਨਾਪਤੀ। ਪੀਰ ਵੀ ਅਰਬੀ ਮੂਲ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਪਰਮਾਤਮਾ ਧਰਮ ਦਾ ਉਪਦੇਸ਼ ਦੇਣ ਵਾਲਾ, ਧਾਰਮਿਕ ਨੇਤਾ ਦੇ ਹਨ। ਛੇਵੇਂ ਪਾਤਸ਼ਾਹ ਹਜ਼ੂਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਫਿਰ ਮੁਗਲ ਰਾਜ ਦੀਆਂ ਵਧੀਕੀਆਂ ਨੂੰ ਜਨਤਾ ਸਹਿਨ ਕਰੀ ਜਾ ਰਹੀ ਸੀ। ਮੁਗਲ ਰਾਜ ਦੀਆਂ ਵਧੀਕੀਆਂ ਦਾ ਸਪਸ਼ਟ ਪ੍ਰਗਟਾਵਾ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਿਚੋਂ ਹੁੰਦਾ ਹੈ। ਇਸ ਵੇਲੇ ਫਿਰ ਲੋੜ ਸੀ ਕਿ 'ਬਾਬਰਵਾਣੀ' ਵਾਲੀ ਸੁਰ ਸਿਧਾਂਤਕ ਦੀ ਥਾਂ ਅਮਲੀ ਰੂਪ ਵਿਚ ਸਾਹਮਣੇ ਲਿਆਂਦੀ ਜਾਵੇ। ਇਸ ਕਾਰਜ ਨੂੰ ਪੂਰਾ ਕਰਨ ਲਈ ਹਜ਼ੂਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਹਥਿਆਰ ਬੰਦ ਹੋਣ ਦਾ ਫੈਸਲਾ ਕੀਤਾ।

ਇਸ ਤਰ੍ਹਾਂ ਜਦ ਗੁਰੂ ਹਰਿਗੋਬਿੰਦ ਜੀ ਨੂੰ ਗੁਰਿਆਈ ਦਿੱਤੀ ਜਾਣ ਲੱਗੀ ਤਾਂ ਪਰੰਪਰਾ ਅਨੁਸਾਰ ਮਸੰਦ ਸੇਲੀ ਟੋਪੀ ਤੇ ਮੰਜੀ ਲੈ ਆਇਆ:

ਗੁਰ ਮੰਤਰ ਪੋਥੀ, ਜੋਊ ਸੇਲੀ ਟੋਪੀ ਸਾਥ।
ਮਾਲਾ ਮੰਜੀ ਪਾਂਚ ਏ, ਧਰ ਤਿਨ ਨਿਵਾਯੋ ਮਾਥ।

ਪਰ ਗੁਰੂ ਜੀ ਨੇ ਇਹ ਰਵਾਇਤੀ ਚਿੰਨ੍ਹ ਪਹਿਨਣ ਤੋਂ ਇਨਕਾਰ ਕਰ ਦਿੱਤਾ ਅਤੇ ਸੇਲੀ ਟੋਪੀ ਦੀ ਥਾਂ ਗੁਰਿਆਈ ਧਾਰਨ ਕਰਨ ਵੇਲੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਉਹਨਾਂ ਕਿਹਾ ਕਿ ਇਕ ਤਲਵਾਰ ਮੀਰ ਦੀ ਹੋਵੇਗੀ ਜੋ ਸੰਸਾਰਿਕ ਵਿਸ਼ਿਆਂ ਦੀ ਅਗਵਾਈ ਦਾ ਪ੍ਰਤੀਕ ਹੋਵੇਗੀ ਅਤੇ ਦੂਜੀ ਪੀਰ ਦੀ ਜੋ ਅਧਿਆਤਮਕ ਰਹਿਨੁਮਾਈ ਦਾ ਚਿੰਨ੍ਹ ਹੋਵੇਗੀ। ਇਸ ਤਰ੍ਹਾਂ 1606 ਈ. ਨੂੰ ਅਰਦਾਸ ਕਰ ਕੇ ਛੇਵੇਂ ਪਾਤਸ਼ਾਹ ਹਜ਼ੂਰ ਨੂੰ ਪੱਗ ਬੰਨਵਾਈ ਗਈ ਅਤੇ ਸੰਗਤਾਂ ਨੂੰ ਹੁਕਮਨਾਮੇ ਲਿਖ ਕੇ ਭੇਜੇ ਗਏ ਕਿ ਚੰਗੇ ਘੋੜੇ ਅਤੇ ਸ਼ਸਤਰ ਗੁਰੂ ਦੇ ਦਰਬਾਰ ਲਈ ਭੇਜੇ ਜਾਣ। ਇਸ ਤੋਂ ਕੁਝ ਦਿਨ ਬਾਅਦ ਹੀ ਅਕਾਲ ਤਖਤ ਦੀ ਨੀਂਹ ਰੱਖੀ ਗਈ ਅਤੇ ਉਸ ਦੇ ਅੰਦਰ 12 ਫੁੱਟ ਉਚੇ ਥੜੇ ਦਾ ਨਿਰਮਾਣ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਕਰਵਾਇਆ। ਜਦ ਨਿਸ਼ਚਿਤ ਦਿਨ 'ਤੇ ਇਹ ਥੜਾ ਤਿਆਰ ਹੋ ਗਿਆ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਸ਼ਾਹੀ ਬਸਤਰ ਧਾਰਨ ਕਰ ਤਖਤ 'ਤੇ ਬਿਰਾਜਮਾਨ ਹੋਏ ਅਤੇ ਉਨ੍ਹਾਂ ਦੇ ਇਕ ਪਾਸੇ ਭਾਈ ਬੁੱਢਾ ਜੀ ਅਤੇ ਦੂਜੇ ਪਾਸੇ ਭਾਈ ਗੁਰਦਾਸ ਜੀ ਬੈਠੇ।ਇਸ ਤਖਤ ਤੇ ਬੈਠ ਕੇ ਸਿੱਖਾਂ ਦੇ ਸੈਨਿਕ ਤੇ ਰਾਜਨੀਤਿਕ ਮਾਮਲਿਆਂ ਵਿਚ ਰਾਹਨੁਮਾਈ ਕਰਨ ਲੱਗੇ। ਹਰਿਮੰਦਰ ਸਾਹਿਬ ਵਿਚ ਤਾਂ ਉਹ ਧਾਰਮਿਕ ਤੇ ਅਧਿਆਤਮਕ ਗੁਰੂ ਦੇ ਰੂਪ ਵਿਚ ਕੰਮ ਕਰਦੇ ਅਤੇ ਅਕਾਲ ਤਖਤ ਤੇ ਅਧਿਆਤਮ ਦੇ ਨਾਲ ਨਾਲ ਸੈਨਿਕ ਨੇਤਾ ਦੇ ਰੂਪ ਵਿਚ ਵੀ ਕੰਮ ਕਰਦੇ ਸਨ। ਗੁਰੂ ਜੀ ਨੇ ਸੈਨਾ ਦਾ ਗਠਨ ਕਰਦਿਆਂ ਮਾਝੇ, ਮਾਲਵੇ ਅਤੇ ਦੁਆਬੇ ਦੇ 500 ਨੌਜਵਾਨਾਂ ਨੂੰ ਆਪਣੀ ਸੈਨਾ ਵਿੱਚ ਭਰਤੀ ਕੀਤਾ ਅਤੇ ਇਹਨਾਂ ਨੂੰ ਪੰਜ ਜਥਿਆਂ, ਜਿਨ੍ਹਾਂ ਦੇ ਮੁਖੀ ਬਿਧੀ ਚੰਦ, ਪੀਰਾਸਾ, ਜੇਠਾ, ਪੈੜਾ ਅਤੇ ਲੰਗਾਹ ਸਨ, ਵਿਚ ਵੰਡ ਦਿੱਤਾ। ਇਸ ਤੋਂ ਬਿਨਾ ਪੈਂਦੇ ਖਾਂ ਦੇ ਅਧੀਨ ਇਕ ਪਠਾਨਾਂ ਦੀ ਟੁਕੜੀ ਵੀ ਕਾਇਮ ਕੀਤੀ। ਇਸੇ ਦੌਰਾਨ ਅਕਾਲ ਤਖ਼ਤ ਸਾਹਿਬ ਤੇ ਗੁਰੂ ਘਰ ਦੇ ਢਾਡੀਆਂ ਮੀਰ ਅਬਦੁੱਲਾ ਅਤੇ ਨੱਥਾ ਮੱਲ ਰਾਹੀਂ ਵੀਰ ਰਸ ਦੀਆਂ ਵਾਰਾਂ ਦਾ ਗਾਇਨ ਕੀਤਾ ਜਾਂਦਾ ਸੀ। ਇਨ੍ਹਾਂ ਦੁਆਰਾ ਉਸ ਵੇਲੇ

ਗਾਈ ਜਾਂਦੀ ਇਕ ਮਸ਼ਹੂਰ ਵਾਰ ਜਿਸ ਵਿਚ ਮੀਰੀ ਤੇ ਪੀਰੀ ਦੇ ਫ਼ਰਜ਼ਾਂ ਬਾਰੇ ਬਹੁਤ ਵਧੀਆ ਢੰਗ ਨਾਲ ਦੱਸਿਆ ਹੈ, ਇਤਿਹਾਸ ਵਿਚ ਇਸ ਤਰ੍ਹਾਂ ਸੰਭਾਲੀ ਪਈ ਹੈ:

ਦੋ ਤਲਵਾਰਾਂ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਰਾਂ ਕੋਟ ਗੜ੍ਹ ਦਰਵਾਜਾ ਬਲਖ ਬਖੀਰ ਦੀ।
ਕਟਕ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਦੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਭਾਈ ਗੁਰਦਾਸ ਜੀ ਨੇ ਵੀ ਆਪਣੀ 26ਵੀਂ ਵਾਰ ਦੀ ਇੱਕ ਪਉੜੀ ਵਿੱਚ ਸਿੱਖ ਸ਼ਰਧਾਲੂਆਂ ਦੀ ਇਸ ਨੀਤੀ ਬਾਰੇ ਹੈਰਾਨੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ: "ਪਹਿਲੇ ਗੁਰੂ ਮੰਦਰ ਵਿਚ ਬੈਠਿਆ ਕਰਦੇ ਸਨ, ਪਰੰਤੂ ਵਰਤਮਾਨ ਗੁਰੂ ਇਕ ਸਥਾਨ 'ਤੇ ਨਹੀਂ ਰਹਿੰਦੇ। ਇਸ ਤੋਂ ਪਹਿਲਾਂ ਗੁਰੂਆਂ ਦੇ ਦਰਸ਼ਨ ਲਈ ਬਾਦਸ਼ਾਹ ਆਪ ਆਉਂਦੇ ਸਨ ਪਰੰਤੂ ਇਸ ਗੁਰੂ ਨੂੰ ਬਾਦਸ਼ਾਹ ਨੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਸੀ। ਪਹਿਲੇ ਗੁਰੂ ਗੱਦੀ 'ਤੇ ਬੈਠ ਕੇ ਸਿੱਖਾਂ ਦੇ ਧਾਰਮਿਕ ਕਾਰਜਾਂ ਵਿਚ ਰਾਹਨੁਮਾਈ ਕਰਦੇ ਸਨ, ਪਰੰਤੂ ਇਹ ਗੁਰੂ ਕੁੱਤੇ ਰੱਖਦਾ ਹੈ ਤੇ ਸ਼ਿਕਾਰ ਖੇਡਦਾ ਹੈ।" ਜਦ ਸ਼ਰਧਾਲੂ ਸਿੱਖਾਂ ਨੇ ਆਪਣੇ ਸ਼ੰਕੇ ਦਾ ਇਜ਼ਹਾਰ ਕੀਤਾ ਤਾਂ ਗੁਰੂ ਜੀ ਨੇ ਉਹਨਾਂ ਦਾ ਸ਼ੰਕਾ ਨਵਿਰਤ ਕਰਨ ਲਈ ਕਿਹਾ ਕਿ ਉਹ ਜੋ ਕੁਝ ਕਰ ਰਹੇ ਹਨ ਸਿੱਖਾਂ ਦੇ ਭਲੇ ਲਈ ਹੀ ਕਰ ਰਹੇ ਹਨ। ਉਹਨਾਂ ਕਿਹਾ ਕਿ ਮੀਰੀ ਹਮੇਸ਼ਾਂ ਪੀਰੀ ਦੇ ਅਧੀਨ ਰਹਿ ਕੇ ਮਾਨਵਤਾ ਦੇ ਹਿਤਾਂ ਲਈ ਸਮਾਜ ਵਿੱਚ ਕਿਰਿਆਸ਼ੀਲ ਰਹੇਗੀ। ਉਹਨਾਂ ਇਹ ਵੀ ਕਿਹਾ ਕਿ ਉਹ ਇਹ ਕਾਰਜ ਕਿਸੇ ਦੁਨਿਆਵੀ ਇੱਛਾ ਦੇ ਅਧੀਨ ਨਹੀਂ ਕਰ ਰਹੇ ਸਗੋਂ ਸਰਬੱਤ ਦੇ ਭਲੇ ਲਈ ਕਰ ਰਹੇ ਹਨ।

ਸਿੱਖ ਧਰਮ ਦੇ ਮੂਲ ਸੋਮਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਨੂੰ ਮੰਨਿਆ ਜਾਂਦਾ ਹੈ। ਮੀਰੀ ਪੀਰੀ ਦੇ ਐਲਾਨਨਾਮੇ ਵੇਲੇ ਦਸਮ ਗ੍ਰੰਥ ਸਾਹਿਬ ਵਜੂਦ ਵਿਚ ਨਹੀਂ ਸਨ। ਸਿੱਖ ਧਰਮ ਦੇ ਗੌਣ ਸੋਮਿਆਂ ਵਿਚ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ ਬਹੁਤ ਉੱਚ ਸਥਾਨ ਪ੍ਰਾਪਤ ਹੈ। ਭਾਈ ਜੀ ਨੇ ਆਪਣੀ ਇੱਕ ਰਚਨਾ ਵਿਚ ਗੁਰੂਆਂ ਦੇ ਪੀਰ ਰੂਪ ਨੂੰ ਧਿਆਨ ਵਿਚ ਰੱਖਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ "ਭਾਰੀ" ਸੰਗਿਆ ਦਿੱਤੀ ਹੋਈ ਹੈ। ਇਸ "ਭਾਰੀ" ਦਾ ਭੇਦ ਪਾਤਸ਼ਾਹ ਹਜ਼ੂਰ ਦੇ "ਦਲਿ ਭੰਜਨ", "ਸੂਰਮਾ" ਅਤੇ ਯੋਧਾ ਹੋਣ ਵਿਚ ਹੈ ਪਰ ਇਹ ਤਿੰਨੇ ਗੁਣ ਪਰਉਪਕਾਰ ਦੇ ਬਿੰਦੂ ਨਾਲ ਬੱਝੇ ਹੋਏ ਹਨ। ਗੁਰੂ ਸਿਖਾਂਦਰੂ ਹੈ ਅਤੇ ਉਸ ਨੇ ਆਪਣੇ ਸ਼ਬਦ ਅਤੇ ਕਰਮ ਰਾਹੀਂ ਮਾਰਗ ਦਰਸ਼ਨ ਨੂੰ ਉਜਾਗਰ ਕਰਨਾ ਹੁੰਦਾ ਹੈ। ਇਸ ਸੰਦਰਭ ਵਿਚ ਭਾਈ ਗੁਰਦਾਸ ਦੇ ਇਹ ਸ਼ਬਦ ਹਨ:

ਪੰਜ ਪਿਆਲੇ ਪੰਜ ਪੀਰ, ਛਠਮੁ ਪੀਰੁ ਬੈਠਾ ਗੁਰ ਭਾਰੀ।
ਅਰਜੁਨ ਕਾਇਆ ਪਲਟਿਕੇ, ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪ ਦਿਖਾਵਣਿ ਵਾਰੋ ਵਾਰੀ।
ਦਲਿ ਭੰਜਨ ਗੁਰ ਸੂਰਮਾ ਵੱਡਾ ਯੋਧਾ ਬਹੁ ਪਰਉਪਕਾਰੀ।

ਗੁਰੂ ਹਰਿਗੋਬਿੰਦ ਜੀ ਨੇ 'ਮੀਰੀ ਤੇ ਪੀਰੀ' ਦੀ ਘੋਸ਼ਣਾ ਕਰਕੇ ਸਿੱਖ ਸਿਧਾਂਤ ਦੀ ਇੱਕ ਪਰਤ ਸਾਹਮਣੇ ਲਿਆਂਦੀ ਹੈ ਨਾ ਕਿ ਕਿਸੇ ਵੱਖਰੇ ਸਿਧਾਂਤ ਦੀ ਨੀਂਹ ਰੱਖੀ ਹੈ,। ਡਾ. ਹਰੀ ਰਾਮ ਗੁਪਤਾ ਨੇ ਇਹ ਗੱਲ ਪਰਵਾਨ ਕੀਤੀ ਹੋਈ ਹੈ ਕਿ ਛੇਵੇਂ ਪਾਤਸ਼ਾਹ ਨੇ ਗੁਰੂ ਨਾਨਕ ਸਾਹਿਬ ਦੁਆਰਾ ਜਗਾਈ ਗਈ ਜੋਤਿ ਨੂੰ ਹੀ ਪ੍ਰਜਵਲੱਤ ਕਰਨ ਵਿਚ ਹਿੱਸਾ ਪਾਇਆ ਹੈ, ਫਰਕ ਕੇਵਲ ਐਨਾ ਹੈ ਕਿ ਇਸ ਵਿਚਾਰਧਾਰਾ ਵਿਚ ਤਲਵਾਰ ਦੀ ਚਮਕ ਸ਼ਾਮਲ ਕਰ ਦਿੱਤੀ। ਪਰ ਗੁਰੂ ਜੀ ਦੁਆਰਾ ਅਧਿਆਤਮਕ ਅਤੇ ਦੁਨਿਆਵੀ ਸ਼ਕਤੀਆਂ ਨੂੰ ਇਕਰੂਪਤਾ ਦੇਣ ਦੇ ਬਾਵਜੂਦ ਵੀ

ਕਦੀ ਮੀਰੀ ਨੂੰ ਪੀਰੀ 'ਤੇ ਭਾਰੀ ਨਹੀਂ ਹੋਣ ਦਿੱਤਾ ਅਤੇ ਇਸ ਸਿਧਾਂਤ ਦੇ ਧਾਰਨ ਤੋਂ ਬਾਅਦ ਵੀ ਉਹ ਆਪਣੇ ਧਾਰਮਿਕ ਕਰਤੱਵਾਂ ਦੀ ਪਾਲਣਾ ਨਿਯਮਿਤ ਰੂਪ ਵਿਚ ਕਰਦੇ ਰਹੇ। ਉਪਰੋਕਤ ਕਾਰਜਾਂ ਦੇ ਫਲਸਰੂਪ ਸਿੱਖਾਂ ਨੂੰ ਉਸ ਤਰ੍ਹਾਂ ਦਾ ਪੁਨਰ ਜੀਵਨ ਪ੍ਰਾਪਤ ਹੋਇਆ, ਜਿਸ ਤਰ੍ਹਾਂ ਵਰਖਾ ਰੁੱਤ ਵਿਚ ਬਨਸਪਤੀਆਂ ਨੂੰ ਮਿਲਦਾ ਹੈ।"

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੱਕ ਕਿਸੇ ਵੀ ਗੁਰੂ ਸਾਹਿਬ ਨੂੰ ਅਜਿਹੇ ਐਲਾਨਨਾਮੇ ਦੀ ਜ਼ਰੂਰਤ ਨਹੀਂ ਪਈ ਕਿਉਂਕਿ ਕਿਸੇ ਵੀ ਮੁਗਲ ਬਾਦਸ਼ਾਹ ਨੇ ਕਦੇ ਸਿੱਖ ਸਮਾਜ ਦੇ ਅਧਿਕਾਰਾਂ ਨੂੰ ਹੜੱਪ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਨੂੰ ਮੰਜੀ ਸਿਸਟਮ ਰਾਹੀਂ ਜਥੇਬੰਦ ਕੀਤਾ। ਕਈਆਂ ਨੂੰ ਇਹ ਪ੍ਰਬੰਧ ਵੱਡੇ ਰਾਜ ਵਿਚ ਛੋਟੇ ਰਾਜ ਦੇ ਬਰਾਬਰ ਨਜ਼ਰ ਆਉਂਦਾ ਸੀ ਅਤੇ ਕਈਆਂ ਨੂੰ ਇਹ ਅਕਬਰ ਦੇ 22 ਸੂਬਿਆਂ ਨਾਲ ਮਿਲਦਾ ਜੁਲਦਾ ਦਿਸਦਾ ਸੀ। ਪਰ ਕਿਸੇ ਬਾਦਸ਼ਾਹ ਨੇ ਇਸ ਵਿਚ ਕੋਈ ਦਖਲ ਨਹੀਂ ਦਿੱਤਾ। ਫਿਰ ਗੁਰੂ ਰਾਮ ਦਾਸ ਜੀ ਨੇ ਮੰਜੀ ਸਿਸਟਮ ਦੀ ਥਾਂ ਮਸੰਦ ਸਿਸਟਮ ਚਾਲੂ ਕੀਤਾ। ਕਈਆਂ ਨੂੰ ਇਹ ਸਿਸਟਮ ਵੀ ਇਕ ਬਰਾਬਰ ਦੀ ਹਕੂਮਤ ਨਜ਼ਰ ਆਉਂਦਾ ਸੀ ਪਰ ਇਸ ਵਿਚ ਵੀ ਕਿਸੇ ਬਾਦਸ਼ਾਹ ਨੇ ਕੋਈ ਦਖਲ ਅੰਦਾਜ਼ੀ ਨਹੀਂ ਕੀਤੀ। ਇਸੇ ਕਰਕੇ ਕਿਸੇ ਗੁਰੂ ਸਾਹਿਬ ਨੇ ਵੀ ਮੀਰ ਬਣਨ ਦੇ ਐਲਾਨ ਨਹੀਂ ਕੀਤੇ। ਪਰ ਜਦੋਂ ਜਹਾਂਗੀਰ ਨੇ ਬਿਨਾਂ ਵਜਾਹ ਸਿਰਫ ਇਕ ਧਾਰਮਿਕ ਸਾੜੇ ਕਾਰਨ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਤਾਂ ਇਹ ਇਕ ਘਟ ਗਿਣਤੀ ਦੇ ਭਾਈਚਾਰੇ ਦੇ ਮੁੱਢਲੇ ਅਧਿਕਾਰਾਂ ਨੂੰ ਖੋਹਣ ਦੀ ਸਭ ਤੋਂ ਵੱਡੀ ਚੁਣੌਤੀ ਸੀ। ਇਹੀ ਕਾਰਨ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੀਰ ਦੇ ਨਾਲ ਨਾਲ ਮੀਰ ਬਣਨ ਦਾ ਵੀ ਐਲਾਨ ਕਰਨਾ ਪਿਆ। ਇਸ ਮਕਸਦ ਲਈ ਹੀ ਅਕਾਲ ਤਖਤ ਕਾਇਮ ਕੀਤਾ ਅਤੇ ਹਥਿਆਰਬੰਦ ਫੌਜਾਂ ਖੜੀਆਂ ਕੀਤੀਆਂ, ਭਾਵੇਂ ਜਹਾਂਗੀਰ ਛੇਤੀ ਹੀ ਹਾਲਾਤ ਨੂੰ ਤਾੜ ਗਿਆ ਸੀ ਅਤੇ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਮਿੱਤਰਤਾ ਕਾਇਮ ਕਰ ਲਈ ਸੀ। ਮਿੱਤਰਤਾ ਕਾਇਮ ਕਰਨ ਦਾ ਦੂਸਰਾ ਮਤਲਬ ਸਿੱਖਾਂ ਦੇ ਮੁੱਢਲੇ ਅਧਿਕਾਰਾਂ ਦੀ ਸੁਰੱਖਿਆ ਦੀ ਗਰੰਟੀ ਸੀ। ਇਸ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਵੀ ਸ਼ਾਂਤ ਹੋ ਗਏ ਅਤੇ ਦੋਵੇਂ ਧਿਰਾਂ ਦਾ ਟਕਰਾਅ ਨਹੀਂ ਹੋਇਆ। ਸਿੱਟੇ ਵਜੋਂ ਗੁਰੂ ਸਾਹਿਬਾਨ ਵੀ ਮੁਗਲ ਹਕੂਮਤ ਨੂੰ ਮਾਨਤਾ ਦਿੰਦੇ ਰਹੇ ਅਤੇ ਆਪਣੇ ਨਵ-ਸਿਰਜੇ ਸਮਾਜ ਦੀ ਸੁਤੰਤਰਤਾ ਵੀ ਬਰਕਰਾਰ ਰੱਖਦੇ ਰਹੇ ਸਨ। ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਜੀ ਨੂੰ ਬਿਨਾਂ ਵਜਾਹ ਸ਼ਹੀਦ ਕਰ ਦਿੱਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਵੀ ਹਥਿਆਰਬੰਦ ਹੋ ਕੇ ਜੰਗ ਦੇ ਮੈਦਾਨ ਵਿਚ ਆ ਕੇ ਖੜ੍ਹ ਗਏ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਹਥਿਆਰਬੰਦ ਨੀਤੀ ਦੀ ਸਿੱਧੀ ਟੱਕਰ ਔਰੰਗਜ਼ੇਬ ਨਾਲ ਨਹੀਂ ਹੋਈ ਸਗੋਂ ਸਥਾਨਕ ਪਹਾੜੀ ਰਾਜਿਆਂ ਨਾਲ ਹੀ ਹੋ ਗਈ ਸੀ। ਇਸ ਦਾ ਵੀ ਭਾਵ ਇਹੀ ਸੀ ਕਿ ਉਨ੍ਹਾਂ ਨੇ ਗੁਰੂ ਜੀ ਦੀਆਂ ਜੰਗੀ ਤਿਆਰੀਆਂ ਨੂੰ ਔਰੰਗਜ਼ੇਬ ਦੀ ਹਕੂਮਤ ਨਾਲੋਂ ਪਹਿਲਾਂ ਆਪਣੀ ਹਕੂਮਤ ਲਈ ਖਤਰਾ ਮੰਨ ਲਿਆ ਸੀ। ਇਸ ਲਈ ਔਰੰਗਜੇਬ ਨਾਲ ਹੋਣ ਵਾਲਾ ਟਕਰਾ ਪਹਾੜੀ ਰਾਜਿਆਂ ਨਾਲ ਹੋ ਗਿਆ। ਗੁਰੂ ਜੀ ਅਨੰਦਪੁਰ ਸਾਹਿਬ ਵਿਖੇ ਆਪਣੇ ਖਾਲਸੇ ਦੀ ਸੁਤੰਤਰਤਾ ਨੂੰ ਕਾਇਮ ਰੱਖਕੇ ਵਿਚਰਦੇ ਸਨ ਜਦੋਂ ਕਿ ਬਿਲਾਸਪੁਰ (ਕਹਿਲੂਰ) ਦਾ ਰਾਜਾ ਅਨੰਦਪੁਰ ਸਾਹਿਬ ਨੂੰ ਆਪਣੀ ਧਰਤੀ ਸਮਝਦਾ ਸੀ। ਉਹ ਚਾਹੁੰਦਾ ਸੀ ਕਿ ਜਾਂ ਤਾਂ ਗੁਰੂ ਜੀ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤੇ ਜਾਂ ਫਿਰ ਇਸ ਥਾਂ ਦਾ ਇਕ ਪਰਜਾ ਦੇ ਤੌਰ 'ਤੇ ਟੈਕਸ ਅਦਾ ਕਰਨ। ਇਹ ਗੱਲ ਖ਼ਾਲਸੇ ਦੀ ਸੁਤੰਤਰ ਹਸਤੀ ਦੇ ਵਿਰੁੱਧ ਸੀ। ਇਸ ਲਈ ਗੁਰੂ ਜੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸਿੱਟਾ ਆਪਸੀ ਹਥਿਆਰ ਬੰਦ ਟਕਰਾਅ ਦੇ ਰੂਪ ਵਿਚ ਨਿਕਲਿਆ। ਪਿਛੋਂ ਇਹ ਟਕਰਾਅ ਮੁਗਲ ਹਕੂਮਤ ਦੇ ਅਧਿਕਾਰੀਆਂ ਨਾਲ ਵੀ ਹੋਇਆ, ਪਰ ਜਾਪਦਾ ਹੈ ਕਿ ਮੁਗਲ ਅਧਿਕਾਰੀਆਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਸਰਹਿੰਦ ਦਾ ਗਵਰਨਰ ਅਤੇ ਜੰਮੂ ਦੇ ਫੌਜਦਾਰ ਸਨ, ਨਾਲ ਟਕਰਾਅ ਔਰੰਗਜ਼ੇਬ ਦੀ ਨੀਤੀ ਤੋਂ ਓਹਲੇ ਜਾ ਕੇ ਜਾਂ ਉਸਦੀ ਜਾਣਕਾਰੀ ਤੋਂ ਬਗ਼ੈਰ ਹੀ ਹੋਇਆ ਸੀ। ਇਹੀ ਕਾਰਨ ਸੀ ਕਿ ਜਦੋਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਜ਼ਫਰਨਾਮੇ ਰਾਹੀਂ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਸੀ ਤਾਂ ਉਸ ਨੇ ਜਿਸ ਤਰ੍ਹਾਂ ਗੁਰੂ ਜੀ ਦੀਆਂ ਗੱਲਾਂ ਤੋਂ ਕਾਇਲ ਹੋ ਕੇ, ਦੱਖਣ ਆਉਣ ਦਾ ਸੱਦਾ ਦਿੱਤਾ ਸੀ, ਉਸ ਤੋਂ ਇਹੀ ਭਾਵਨਾ ਪਰਗਟ ਹੁੰਦੀ ਹੈ। ਜਿਵੇਂ ਕਿ ਪਿੱਛੇ ਵੀ ਦੱਸਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਔਰੰਗਜ਼ੇਬ ਦੇ ਸੰਬੰਧਾਂ ਨੂੰ ਦਰਸਾਉਣ ਲਈ ਜਫਰਨਾਮਾ ਅਤੇ 'ਬਾਬੇ ਕੇ ਬਾਬਰ ਕੇ ਦੋਊ' ਵਾਲਾ ਸ਼ਬਦ ਅਹਿਮ ਦਸਤਾਵੇਜ਼ ਹਨ। ਇਨ੍ਹਾਂ ਤੋਂ

ਘਟੋ ਘਟ ਇਹ ਗੱਲ ਜ਼ਰੂਰ ਸਾਬਤ ਹੁੰਦੀ ਹੈ ਕਿ ਗੁਰੂ ਜੀ ਅਤੇ ਔਰੰਗਜ਼ੇਬ ਵਿਚਕਾਰ ਇਕ ਖਾਸ ਕਿਸਮ ਦਾ ਆਪਸੀ ਵਿਸ਼ਵਾਸ ਕਾਇਮ ਹੋ ਗਿਆ ਸੀ। ਮੁਗਲ ਅਧਿਕਾਰੀਆਂ ਦੇ ਹਮਲਿਆਂ ਕਾਰਨ ਜਦੋਂ ਇਸ ਵਿਸ਼ਵਾਸ਼ ਨੂੰ ਸੱਟ ਵੱਜੀ ਸੀ ਤਾਂ ਗੁਰੂ ਜੀ ਨੇ ਜ਼ਫਰਨਾਮੇ ਰਾਹੀਂ ਔਰੰਗਜ਼ੇਬ ਨੂੰ ਇਸ ਵਿਸ਼ਵਾਸ਼ ਸ਼ਿਕਨੀ ਬਾਰੇ ਜਾਣੂ ਕਰਵਾਇਆ। ਇਸ ਸਭ ਕੁਝ ਦੇ ਪਿਛੇ ਪੀਰੀ ਅਤੇ ਮੀਰੀ ਦਾ ਸਿਧਾਂਤ ਹੀ ਕੰਮ ਕਰ ਰਿਹਾ ਸੀ। ਮੀਰੀ ਦੇ ਧਾਰਨ ਕਰਨ ਦੀ ਨੌਬਤ ਉਦੋਂ ਹੀ ਆਉਂਦੀ ਹੈ ਜਦੋਂ ਹਕੂਮਤ ਮੁੱਢਲੇ ਅਧਿਕਾਰਾਂ ਨੂੰ ਕੁਚਲਣ ਦੀ ਕੋਸ਼ਿਸ਼ ਕਰਦੀ ਹੈ। ਅਧਿਕਾਰ ਸਹੀ ਸਲਾਮਤ ਰਹਿਣ ਤਾਂ ਮੀਰੀ ਧਾਰਨ ਕਰਨ ਦੀ ਵੀ ਲੋੜ ਨਹੀਂ ਰਹਿੰਦੀ। ਗੁਰੂ ਹਰਿਗੋਬਿੰਦ ਸਾਹਿਬ ਵਲੋਂ ਪੀਰੀ ਨਾਲ ਮੀਰੀ ਧਾਰਨ ਕਰਨ ਦਾ ਐਲਾਨ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਪ੍ਰਤੀਕਰਮ ਸੀ।

***************

ਪਾਠ ਨੰ : 2.3 (ਬੀ)

# ਖਾਲਸਾ

**ਭੂਮਿਕਾ :**

ਇਸ ਪਾਠ ਵਿਚ ਸਿੱਖ ਧਰਮ ਦੀ ਮਹਾਨ ਇਤਿਹਾਸਕ ਘਟਨਾ 'ਖਾਲਸਾ ਪੰਥ ਦੀ ਸਾਜਨਾ' ਬਾਰੇ ਵਿਸਤ੍ਰਿਤ ਜਾਣਕਾਰੀ ਮੌਜੂਦ ਹੈ। ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਉਹ ਕਿਹੜੇ ਕਾਰਨ ਅਤੇ ਉਦੇਸ਼ ਸਨ ਜਿਨ੍ਹਾਂ ਦੀ ਪੂਰਤੀ ਹਿਤ ਉਹਨਾਂ ਨੇ ਖਾਲਸਾ ਪੰਥ ਦੀ ਸਿਰਜਨਾ ਕੀਤੀ। ਇਸ ਦਿਸ਼ਾ ਵਿਚ ਇਹ ਪਾਠ ਵਿਦਿਆਰਥੀਆਂ ਨੂੰ ਭਰਪੂਰ ਜਾਣਕਾਰੀ ਮੁਹੱਈਆ ਕਰਦਾ ਹੈ। 'ਖਾਲਸਾ ਪੰਥ ਦੀ ਸਾਜਨਾ' ਦੇ ਪ੍ਰਭਾਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੈ। ਇਸ ਘਟਨਾ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੀਆਂ ਗਈਆਂ ਲੜਾਈਆਂ ਅਤੇ ਉਹਨਾਂ ਦੇ ਜੋਤੀ ਜੋਤਿ ਸਮਾਨ ਸਬੰਧੀ ਵੀ ਜਾਣਕਾਰੀ ਇਸ ਪਾਠ ਦਾ ਅੰਗ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਦਿੱਲੀ ਚਾਂਦਨੀ ਚੌਂਕ ਵਿਖੇ ਭਾਵੇਂ ਬਹੁਤ ਸਾਰੇ ਸਿੱਖ ਮੌਜੂਦ ਸਨ, ਪਰ ਸਰਕਾਰੀ ਜ਼ੁਲਮ ਤੋਂ ਡਰਦਾ ਕੋਈ ਵੀ ਸਿੱਖ ਨਿਤਰ ਕੇ ਸਾਹਮਣੇ ਨਾ ਆ ਸਕਿਆ ਕਿਉਂਕਿ ਉਸ ਸਮੇਂ ਤਕ ਸਿੱਖਾਂ ਦੀ ਕੋਈ ਖਾਸ ਵੱਖਰੀ ਪਹਿਚਾਣ ਨਹੀਂ ਸੀ। ਜਦੋਂ ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਪਣ ਕੀਤਾ ਤਾਂ ਨਾਲ ਹੀ ਗੁਰੂ ਜੀ ਦੇ ਪੁੱਛਣ ਤੇ ਇਹ ਵੀ ਦੱਸਿਆ ਕਿ ਭਾਵੇਂ ਉਸ ਸਮੇਂ ਬਹੁਤ ਸਿੱਖ ਹਾਜ਼ਰ ਸਨ ਪਰ ਜ਼ਾਲਮ ਸਰਕਾਰ ਤੋਂ ਡਰਦੇ ਕੋਈ ਹੀਆ ਨਾ ਕਰ ਸਕਿਆ। ਉਸ ਸਮੇਂ ਹੀ ਗੁਰੂ ਦੇਵ ਨੇ ਕਿਹਾ ਕਿ ਮੈਂ ਸਿੱਖਾਂ ਨੂੰ ਇਕ ਅਜਿਹਾ ਨਵਾਂ ਰੂਪ ਦੇਵਾਂਗਾ ਕਿ ਉਹ ਲੱਖਾਂ ਦੀ ਗਿਣਤੀ ਵਿਚ ਵੀ ਆਪਣੇ ਆਪ ਨੂੰ ਲੁਕਾ ਨਾ ਸਕਣਗੇ। ਹੁਣ ਇਹ ਨਵਾਂ ਰੂਪ ਦੇਣ ਦਾ ਸਮਾਂ ਆ ਗਿਆ ਸੀ।

ਵੈਸੇ ਹੋਰ ਵੀ ਖਾਲਸਾ ਸਾਜਣ ਦੇ ਬਹੁਤ ਸਾਰੇ ਕਾਰਨ ਸਨ।ਖਾਲਸਾ ਪੰਥ ਦੀ ਸਾਜਨਾ ਵਿਸ਼ਵ ਧਰਮ ਦੇ ਪ੍ਰੰਸਗ ਵਿਚ ਮਾਨਵਤਾ ਦੀ ਸਮਾਜਿਕ,ਰਾਜਨੀਤਕ ਅਤੇ ਜਿਹਨੀ ਆਜ਼ਾਦੀ ਦੇ ਸੰਕਲਪ ਨੂੰ ਮੁੱਖ ਰੱਖ ਕੇ ਵਾਪਰਨ ਵਾਲੀ ਮਹੱਤਵਪੂਰਨ ਘਟਨਾ ਹੈ। ਜਿਸ ਕਰਕੇ ਖਾਲਸੇ ਦੀ ਸਿਰਜਣਾ ਜ਼ਰੂਰੀ ਹੋ ਗਈ ਸੀ। ਉਸ ਸਮੇਂ ਭਾਰਤ ਤੇ ਔਰੰਗਜ਼ੇਬ ਦਾ ਰਾਜ ਸੀ ਜੋ ਲੋਕਾਂ ਨੂੰ ਜ਼ਬਰਦਸਤੀ ਇਸਲਾਮ ਕਬੂਲ ਕਰਵਾ ਰਿਹਾ ਸੀ। ਭਾਵੇਂ ਗੁਰੂ ਜੀ ਕਿਸੇ ਧਰਮ ਦੇ ਵਿਰੋਧੀ ਨਹੀਂ ਸਨ ਪਰ ਉਹ ਨਹੀਂ ਸਨ ਚਾਹੁੰਦੇ ਕਿ ਲੋਕਾਂ ਨੂੰ ਜਬਰੀ ਤਲਵਾਰ ਨਾਲ ਧਰਮ ਤਬਦੀਲ ਕਰਵਾਇਆ ਜਾਵੇ। ਇਸ ਜ਼ੁਲਮ ਦਾ ਸ਼ਿਕਾਰ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਹੋਏ। ਲੰਮੇ ਸਮੇਂ ਤੋਂ ਲੋਕਾਂ ਤੇ ਇਹ ਜ਼ੁਲਮ ਹੋ ਰਹੇ ਸਨ। ਅਨੰਗਪਾਲ ਤੋਂ ਬਾਅਦ ਕੋਈ ਵੀ ਰਾਜਸੀ ਆਗੂ ਅਜਿਹਾ ਨਹੀਂ ਸੀ ਪੈਦਾ ਹੋਇਆ ਜੋ ਇਨ੍ਹਾਂ ਜ਼ੁਲਮਾਂ ਵਿਰੁੱਧ ਆਵਾਜ਼ ਉਠਾ ਸਕੇ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜ਼ੁਲਮ ਵਿਰੁੱਧ ਆਵਾਜ਼ ਉਠਾਈ। ਹੁਣ ਉਸੇ ਗੱਦੀ ਤੇ ਗੁਰੂ ਗੋਬਿੰਦ ਸਿੰਘ ਜੀ ਬਿਰਾਜਮਾਨ ਸਨ। ਇਸ ਲਈ ਉਹਨਾਂ ਲਈ ਜ਼ਰੂਰੀ ਸੀ ਕਿ ਲੋਕਾਂ ਵਿਚ ਨਵੀਂ ਰੂਹ ਫੂਕਕੇ ਉਹਨਾਂ ਕੋਲੋਂ ਜ਼ੁਲਮ ਦਾ ਟਾਕਰਾ ਕਰਵਾਇਆ ਜਾਵੇ।

ਸਿੱਖ ਧਰਮ ਦੀ ਅੰਦਰੂਨੀ ਹਾਲਤ ਵੀ ਠੀਕ ਨਹੀਂ ਸੀ। ਪਹਿਲਿਆਂ ਗੁਰੂ ਸਾਹਿਬਾਨਾਂ ਨੂੰ ਧੀਰ ਮੱਲੀਆਂ, ਮੀਣਿਆਂ, ਰਾਮਰਾਏ ਵਰਗੇ ਵਿਰੋਧੀਆਂ ਨੇ ਹਮੇਸ਼ਾਂ ਕੋਈ ਨਾ ਕੋਈ ਮੁਸੀਬਤ ਛੇੜ ਰੱਖੀ। ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇਵ ਨੂੰ ਬਹੁਤ ਸਤਾਇਆ। ਗੁਰੂ ਤੇਗ ਬਹਾਦਰ ਜੀ ਨੂੰ ਬਹੁਤ ਵਿਰੋਧੀਆਂ ਦਾ ਸਾਹਮਣਾ ਕਰਨਾ ਪਿਆ। ਵਿਰੋਧੀ ਕਦੇ ਵੀ ਪਿਆਰ ਨਾਲ ਗੱਲ ਸੁਣਨ ਨੂੰ ਤਿਆਰ ਨਹੀਂ ਸਨ ਹੋਏ। ਇਸ ਲਈ ਗੁਰੂ ਜੀ ਲਈ ਇਹ ਜ਼ਰੂਰੀ ਸੀ ਕਿ ਸਿੱਖਾਂ ਨੂੰ ਵਿਰੋਧੀਆਂ ਦੀਆਂ ਨੀਤੀਆਂ ਤੋਂ ਬਚਾਉਣ ਲਈ ਇਕ ਨਿਯਮ ਬੱਧ ਕਰੜੇ ਅਨੁਸ਼ਾਸਨ ਵਿਚ ਪਰੋ ਦੇਣ।

ਮਸੰਦ ਪ੍ਰਥਾ ਜੋ ਗੁਰੂ ਸਾਹਿਬਾਨ ਨੇ ਸ਼ੁਰੂ ਕੀਤੀ ਸੀ ਭਾਵੇਂ ਇਸ ਨੇ ਪਹਿਲਾਂ ਸਿੱਖ ਧਰਮ ਦੇ ਪ੍ਰਚਾਰ ਵਿਚ ਅਹਿਮ ਹਿੱਸਾ ਪਾਇਆ ਸੀ ਪਰ ਸਮਾਂ ਪਾ ਕੇ ਮਸੰਦ ਆਪਣੇ ਉਦੇਸ਼ ਭੁੱਲ ਗਏ ਤੇ ਸਵਾਰਥ ਹੀਣ ਹੋ

ਗਏ। ਜਿਸ ਕਾਰਨ ਗੁਰੂ ਗੋਬਿੰਦ ਸਿੰਘ ਜੀ ਲਈ ਇਹ ਜ਼ਰੂਰੀ ਸੀ ਕਿ ਇਸ ਸੰਸਦ ਪ੍ਰਥਾ ਨੂੰ ਬੰਦ ਕਰਨ ਤੇ ਸਿੱਖਾਂ ਨੂੰ ਇਕ ਨਵਾਂ ਰੂਪ ਦੇਣ।

ਗੁਰੂ ਜੀ ਪਹਾੜੀ ਹਿੰਦੂ ਰਾਜਿਆਂ, ਨੂੰ ਪਹਿਲੇ ਯੁੱਧਾਂ ਵਿਚ ਪਰਖ ਚੁੱਕੇ ਸਨ। ਉਹਨਾਂ ਨੂੰ ਯਕੀਨ ਹੋ ਚੁੱਕਾ ਸੀ ਕਿ ਇਹਨਾਂ ਲੋਕਾਂ ਨੂੰ ਧਰਮ ਨਾਲ ਪਿਆਰ ਨਹੀਂ ਸਗੋਂ ਆਪਣੀਆਂ ਜਾਗੀਰਾਂ ਨਾਲ ਪਿਆਰ ਹੈ। ਇਸ ਲਈ ਲੋਕਾਂ ਨੂੰ ਨਵੀਂ ਲੀਡਰਸ਼ਿਪ ਸੇਧ ਦੀ ਲੋੜ ਸੀ। ਜੋ ਲੋਕਾਂ ਨੂੰ ਮੁਗਲਾਂ ਦੇ ਅਤਿਆਚਾਰਾਂ ਤੋਂ ਛੁਟਕਾਰਾ ਦਵਾ ਸਕੇ। ਦੂਜਾ ਜਾਤ ਪਾਤ ਦੇ ਬੰਧਨਾਂ ਨੇ ਹਿੰਦੂ ਜਨਤਾ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਸੀ। ਕੇਵਲ ਖੱਤਰੀਆਂ ਦੇ ਮੋਢਿਆਂ ਤੇ ਹੀ ਦੇਸ਼ ਦੀ ਰੱਖਿਆ ਦਾ ਭਾਰ ਸੀ ਤੇ ਬਾਕੀ ਲੋਕ ਮੂੰਹ ਵੱਲ ਦੇਖਦੇ ਰਹਿੰਦੇ ਸਨ। ਇਸਲਾਮ ਵਿਚ ਜਾਤਪਾਤ ਨਹੀਂ ਸੀ। ਇਸ ਕਾਰਨ ਉਹਨਾਂ ਵਿਚ ਆਪਸੀ ਪਿਆਰ ਸੀ। ਸਾਰੇ ਮੁਸਲਮਾਨ ਭਾਈ ਭਾਈ ਸਨ ਤੇ ਇਕੋ ਬਾਟੇ ਵਿਚ ਛਕਦੇ ਸਨ। ਇਸ ਕਾਰਨ ਗੁਰੂ ਜੀ ਨੂੰ ਜਾਤ ਪਾਤ ਤੇ ਛੂਤ ਛਾਤ ਤੋਂ ਛੁਟਕਾਰਾ ਦਵਾਉਣ ਲਈ ਇਹ ਕਦਮ ਚੁੱਕਣਾ ਜ਼ਰੂਰੀ ਸੀ ਜਿਸ ਵਿਚ ਜਾਤ-ਪਾਤ ਛੂਤ-ਛਾਤ ਆਦਿ ਲਈ ਕੋਈ ਥਾਂ ਨਾ ਹੋਵੇ ਤੇ ਸਾਰੇ ਸਿੱਖ ਬਰਾਬਰ ਹੋਣ।

ਸਿੱਖਾਂ ਵਿਚ ਵਧੇਰੇ ਗਿਣਤੀ ਜੱਟਾਂ ਤੇ ਹੋਰ ਪੰਜਾਬੀ ਲੋਕਾਂ ਦੀ ਸੀ ਜੋ ਪਹਿਲੀ ਘੜੀ ਤੋਂ ਹੀ ਲੜਾਕੂ ਸੁਭਾਅ ਦੇ ਮਾਲਿਕ ਸਨ। ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਵੀ ਇਹਨਾਂ ਲੋਕਾਂ ਨੂੰ ਨੀਤੀ ਅਨੁਸਾਰ ਪ੍ਰੋਗਰਾਮ ਮਿਲ ਗਿਆ ਸੀ। ਗੁਰੂ ਗੋਬਿੰਦ ਸਿੰਘ ਲਈ ਇਹਨਾਂ ਲੋਕਾਂ ਦੀ ਨੀਤੀ ਅਨੁਸਾਰ ਖਾਲਸਾ ਪੰਥ ਦੀ ਸਿਰਜਣਾ ਕਰਨਾ ਜ਼ਰੂਰੀ ਹੋ ਗਿਆ ਸੀ। ਦੂਜਾ ਗੁਰੂ ਜੀ ਦਾ ਮਿਸ਼ਨ ਜਿਸ ਨੂੰ ਲੈ ਕੇ ਉਹ ਸੰਸਾਰ ਤੇ ਆਏ ਸਨ, ਸੰਤ ਉਭਾਰਨ ਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਇਹ ਜ਼ਰੂਰੀ ਸੀ ਕਿ ਸਿੱਖ ਸੰਤ ਸਿਪਾਹੀਆਂ ਦਾ ਜੀਵਨ ਬਤੀਤ ਕਰਨ।

ਇਸ ਮਿਸ਼ਨ ਨੂੰ ਪੂਰਾ ਕਰਨ ਲਈ ਗੁਰੂ ਜੀ ਨੇ ਸਾਰੇ ਭਾਰਤ ਵਰਸ਼ ਵਿਖੇ ਸਿੱਖਾਂ ਨੂੰ 1699 ਈ. ਵਿਚ ਵਿਸਾਖੀ ਵਾਲੇ ਦਿਨ ਆਨੰਦਪੁਰ ਵਿਚ ਇਕੱਠੇ ਹੋਣ ਲਈ ਹੁਕਮਨਾਮੇ ਭੇਜੇ। ਸਿੱਖ ਇਤਿਹਾਸਕਾਰਾਂ ਅਨੁਸਾਰ ਵਿਸਾਖੀ ਵਾਲੇ ਦਿਨ ਕੇਸਗੜ੍ਹ ਦੇ ਮੈਦਾਨ ਵਿਚ 80,000 ਦੇ ਲਗਭਗ ਲੋਕ ਇਕੱਤਰ ਹੋਏ। ਜਦੋਂ ਸਾਰੀ ਸੰਗਤ ਦੀਵਾਨ ਵਿਚ ਸਜ ਗਈ ਤਾਂ ਗੁਰੂ ਸਾਹਿਬ ਨੇ ਦੀਵਾਨ ਵਿਚ ਆ ਕੇ ਤਲਵਾਰ ਨੂੰ ਘੁਮਾਉਂਦੇ ਹੋਏ ਵੰਗਾਰ ਕੇ ਕਿਹਾ ਕਿ ਹੈ ਕੋਈ ਸਿੱਖ ਜਿਹੜਾ ਧਰਮ ਲਈ ਆਪਣੀ ਜਾਨ ਵਾਰਨ ਨੂੰ ਤਿਆਰ ਹੋਵੇ ? ਸੰਗਤ ਵਿਚ ਸੰਨਾਟਾ ਛਾਅ ਗਿਆ। ਗੁਰੂ ਸਾਹਿਬ ਨੇ ਆਪਣੇ ਸ਼ਬਦਾਂ ਨੂੰ ਤਿੰਨ ਵਾਰੀ ਦੁਹਰਾਇਆ। ਸੰਗਤ ਵਿਚ ਕਈ ਤਰ੍ਹਾਂ ਦੇ ਸ਼ੰਕੇ ਉਤਪੰਨ ਹੋਏ। ਪਰ ਆਖਰ ਲਾਹੌਰ ਦਾ ਖੱਤਰੀ, ਜਿਸ ਦਾ ਨਾਂ ਦਇਆ ਰਾਮ ਸੀ, ਉਠਿਆ ਤੇ ਆਪਣੇ ਆਪ ਨੂੰ ਗੁਰੂ ਸਾਹਿਬ ਕੋਲ ਪੇਸ਼ ਕੀਤਾ। ਗੁਰੂ ਸਾਹਿਬ ਉਸ ਨੂੰ ਲਾਗੇ ਲਾਏ ਹੋਏ ਤੰਬੂ ਵਿਚ ਲੈ ਗਏ ਤੇ ਉੱਥੋਂ ਲਹੂ ਨਾਲ ਭਿੱਜੀ ਹੋਈ ਤਲਵਾਰ ਲੈ ਕੇ ਫਿਰ ਸੰਗਤ ਵਿਚ ਪਹੁੰਚੇ ਤੇ ਫਿਰ ਇਕ ਸਿੱਖ ਦੇ ਸਿਰ ਦੀ ਮੰਗ ਕੀਤੀ। ਇਸ ਵਾਰ ਹਸਤਨਾਪੁਰ ਦਾ ਜੱਟ ਧਰਮ ਦਾਸ ਉਠਿਆ ਤੇ ਉਸ ਨੇ ਆਪਣੇ ਆਪ ਨੂੰ ਗੁਰੂ ਜੀ ਅੱਗੇ ਪੇਸ਼ ਕੀਤਾ। ਧਰਮ ਦਾਸ ਨੂੰ ਵੀ ਗੁਰੂ ਜੀ ਤੰਬੂ ਵਿਚ ਲੈ ਗਏ ਤੇ ਫਿਰ ਲਹੂ ਨਾਲ ਭਿੱਜੀ ਹੋਈ ਤਲਵਾਰ ਲੈ ਕੇ ਸੰਗਤ ਵਿਚ ਆਏ ਤੇ ਤੀਜੇ ਸਿਰ ਦੀ ਮੰਗ ਕੀਤੀ, ਇਸ ਵਾਰ ਸਾਹਿਬ ਚੰਦ ਨਾਈ ਨੇ ਆਪਣੇ ਆਪ ਨੂੰ ਪੇਸ਼ ਕੀਤਾ, ਚੌਥੀ ਵਾਰ ਹਿੰਮਤ ਰਾਏ ਜਾਤ ਦਾ ਝਿਊਰ ਤੇ ਪੰਜਵੀਂ ਵਾਰ ਮੋਹਕਮ ਚੰਦ ਜਾਤ ਛੀਂਬਾ ਨੇ ਆਪਣੇ ਆਪ ਨੂੰ ਗੁਰੂ ਜੀ ਕੋਲ ਕੁਰਬਾਨੀ ਲਈ ਪੇਸ਼ ਕੀਤਾ। ਸੰਗਤ ਵਿਚ ਡਰ ਸੀ ਕਿ ਸ਼ਾਇਦ ਗੁਰੂ ਸਾਹਿਬ ਕੁਰਬਾਨੀ ਲਈ ਪੇਸ਼ ਹੋਏ ਸਿੱਖਾਂ ਨੂੰ ਖਤਮ ਹੀ ਕਰੀ ਜਾ ਰਹੇ ਹਨ। ਕਈਆਂ ਨੇ ਜਾ ਕੇ ਮਾਤਾ ਜੀ ਕੋਲ ਵੀ ਇਸ ਸੰਬੰਧੀ ਸ਼ਿਕਾਇਤਾਂ ਕੀਤੀਆਂ, ਪਰ ਪੰਜਾਂ ਵੱਲੋਂ ਸੀਸ ਪੇਸ਼ ਕਰਨ ਤੋਂ ਬਾਅਦ ਗੁਰੂ ਸਾਹਿਬ ਨੇ ਇਹਨਾਂ ਪੰਜਾਂ ਨੂੰ ਇਸ਼ਨਾਨ ਕਰਵਾ ਕੇ ਨਵੇਂ ਬਸਤਰ ਪਹਿਨਾ ਕੇ ਅਨੋਖੇ ਢੰਗ ਦੀ ਦਿਖ ਦਿੱਤੀ। ਭੱਟ ਵਹੀ ਭਾਦਸੋਂ, ਪਰਗਣਾ ਥਾਨੇਦਾਰ ਪੰਜ ਪਿਆਰਿਆਂ ਬਾਰੇ ਜਾਣਕਾਰੀ ਦੇਣ ਵਾਲੀ ਸਭ ਤੋਂ ਪਰਮਾਣਿਕ ਵਹੀ ਹੈ ਜਿਸ ਦਾ ਕਰਤਾ ਪੰਜ ਪਿਆਰਿਆਂ ਦੀ ਚੋਣ ਸੰਬੰਧੀ ਇਸ ਤਰ੍ਹਾਂ ਲਿਖਦਾ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਮਹਲਾ ਦਸਮਾ ਬੇਟਾ ਗੁਰੂ ਤੇਗ ਬਹਾਦਰ ਕਾ, ਸਾਲ ਸਤ੍ਰਾ ਸੈ ਪਚਾਵਨ ਮੰਗਲਵਾਰ, ਵੈਸਾਖੀ ਦੇ ਦਿਹੁੰ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ। ਪ੍ਰਿਥਮੈ ਦੈਆ ਰਾਮ ਸੋਪਤੀ ਖਤ੍ਰੀ ਬਸੀ ਲਾਹੌਰ ਖਲਾ ਹੂਆ, ਪਾਛੈ ਮੁਹਕਮ ਚੰਦ ਛੀਂਬਾ ਵਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਜਫਰਾਬਾਦ ਸ਼ਹਿਰ ਧਰੁਚੰਦ, ਜਵੰਦਾ ਜਾਟ ਵਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ.....(ਭੱਟ ਵਹੀ)।

**ਅੰਮ੍ਰਿਤ ਤਿਆਰ ਕਰਨਾ**

ਗੁਰੂ ਸਾਹਿਬ ਨੇ ਲੋਹੇ ਦੇ ਬਾਟੇ ਵਿਚ ਸਾਫ ਜਲ ਲਿਆ। ਉਸ ਨੂੰ ਖੰਡੇ ਨਾਲ ਹਲਾਉਂਦੇ ਗਏ ਤੇ ਨਾਲ ਨਾਲ ਜਪੁਜੀ, ਜਾਪੁ ਸਾਹਿਬ, ਆਨੰਦ ਸਾਹਿਬ, ਸਵੱਯੇ ਤੇ ਚੌਪਈ ਦਾ ਪਾਠ ਕਰਦੇ ਗਏ। ਜਲ ਨੂੰ ਇਹਨਾਂ ਪੰਜ ਬਾਣੀਆਂ ਦਾ ਪਾਠ ਹੁੰਦੇ ਤਕ ਪਤਾਸੇ ਪਾ ਕੇ ਹਿਲਾਉਂਦੇ ਰਹੇ। ਪਾਠ ਖਤਮ ਹੋਣ ਉਪਰੰਤ ਇਸ ਜਲ ਨੂੰ ਅੰਮ੍ਰਿਤ ਦਾ ਨਾਂ ਦਿੱਤਾ ਗਿਆ। ਖੰਡੇ ਦੀ ਵਰਤੋਂ ਕਰਨ ਨਾਲ ਸਿੱਖਾਂ ਦੀ ਮਾਨਸਿਕ ਦਸ਼ਾ ਬਦਲਣਾ ਸੀ ਤਾਂ ਕਿ ਖੰਡੇ ਦੀ ਪਾਹੁਲ ਲੈਣ ਵਾਲਿਆਂ ਵਿਚ ਬੀਰਤਾ ਦਾ ਜਜ਼ਬਾ ਪੈਦਾ ਹੋਵੇ। ਬਾਣੀ ਦੇ ਪਾਠ ਦਾ ਭਾਵ ਸਿੱਖਾਂ ਨੂੰ ਇਕ ਅਕਾਲ ਪੁਰਖ ਨਾਲ ਜੋੜਨਾ ਸੀ। ਪਤਾਸਿਆਂ ਰਾਹੀਂ ਮਿਠਾਸ ਦਾ ਭਾਵ ਸਿੱਖਾਂ ਵਿਚ ਦਲੇਰੀ ਤੇ ਸੂਰਬੀਰਤਾ ਦੇ ਨਾਲ ਨਾਲ ਮਿਠਾਸ ਪੈਦਾ ਕਰਨਾ ਸੀ।

ਸਭ ਤੋਂ ਪਹਿਲਾਂ ਇਹ ਨਵੇਂ ਢੰਗ ਨਾਲ ਤਿਆਰ ਕੀਤਾ ਹੋਇਆ ਅੰਮ੍ਰਿਤ ਪੰਜ ਪਿਆਰਿਆਂ ਨੂੰ ਛਕਾਇਆ ਗਿਆ। ਗੁਰੂ ਸਾਹਿਬ ਖੜੇ ਹੋ ਗਏ ਤੇ ਉਹਨਾਂ ਪੰਜਾਂ ਪਿਆਰਿਆਂ ਨੂੰ ਬੀਰ ਆਸਣ ਵਿੱਚ ਬੈਠਣ ਲਈ ਕਿਹਾ। ਫਿਰ ਗੁਰੂ ਸਾਹਿਬ ਨੇ ਉਸ ਪਵਿੱਤਰ ਕੀਤੇ ਹੋਏ ਜਲ ਦੇ ਛਿੱਟੇ ਵਾਰੋ ਵਾਰੀ ਪੰਜਾਂ ਦੀਆਂ ਅੱਖਾਂ ਵਿਚ ਮਾਰੇ। ਫਿਰ ਹਰੇਕ ਨੂੰ ਉੱਚੀ ਆਵਾਜ ਵਿਚ 'ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਦੀ ਫਤਿਹ' ਕਹਿਣ ਲਈ ਕਿਹਾ। ਇਸੇ ਤਰ੍ਹਾਂ ਪੰਜ ਪੰਜ ਵਾਰੀ ਸਾਰਿਆਂ ਦਿਆਂ ਕੇਸਾਂ ਵਿਚ ਪਵਿੱਤਰ ਜਲ ਪਾਇਆ ਗਿਆ ਤੇ ਫਿਰ ਸਾਰਿਆਂ ਨੂੰ ਉਸੀ ਬਾਟੇ ਵਿੱਚੋਂ ਪੰਜ ਘੁੱਟ ਅੰਮ੍ਰਿਤ ਦੇ ਪਿਲਾਏ ਗਏ। ਜਿਸ ਦਾ ਭਾਵ ਜਾਤ ਪਾਤ ਤੇ ਹੋਰ ਵਿਤਕਰਿਆਂ ਦਿਆਂ ਬੰਧਨਾਂ ਨੂੰ ਤੋੜ ਕੇ ਸਮਾਜਿਕ ਬਰਾਬਰੀ ਦਾ ਜਜਬਾ ਪੈਦਾ ਕਰਨਾ ਸੀ। ਇਸ ਤੋਂ ਬਾਅਦ ਗੁਰੂ ਸਾਹਿਬ ਨੇ ਹਰੇਕ ਨੂੰ ਖਾਲਸੇ ਦਾ ਖਿਤਾਬ ਦਿੱਤਾ ਤੇ ਹਰੇਕ ਦੇ ਨਾਂ ਨਾਲ ਸਿੰਘ ਲਾਇਆ ਜਿਵੇਂ ਦਇਆ ਰਾਮ ਤੋਂ ਦਇਆ ਸਿੰਘ, ਧਰਮ ਚੰਦ ਤੋਂ ਧਰਮ ਸਿੰਘ, ਮੋਹਕਮ ਰਾਏ ਤੋਂ ਮੋਹਕਮ ਸਿੰਘ, ਹਿੰਮਤ ਚੰਦ ਤੋਂ ਹਿੰਮਤ ਸਿੰਘ, ਸਾਹਿਬ ਚੰਦ ਤੋਂ ਸਾਹਿਬ ਸਿੰਘ, ਬਣ ਗਏ। ਇਸ ਪਿੱਛੋਂ ਗੁਰੂ ਸਾਹਿਬ ਨੇ ਉਹਨਾਂ ਪੰਜਾਂ ਸਿੰਘਾਂ ਕੋਲੋਂ ਆਪ ਅੰਮ੍ਰਿਤ ਛਕਿਆ ਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ। ਇਸ ਤੋਂ ਪਿੱਛੋਂ ਗੁਰੂ ਸਾਹਿਬ ਨੇ ਹੋਰ ਬਹੁਤ ਸਾਰੇ ਲੋਕਾਂ ਨੂੰ ਅੰਮ੍ਰਿਤ ਛਕਾਇਆ ਜਿਨ੍ਹਾਂ ਦੀ ਗਿਣਤੀ ਲਗਭਗ 20 ਹਜ਼ਾਰ ਸੀ।

**ਖਾਲਸੇ ਦਾ ਫਰਜ਼**

ਇਸ ਪਿੱਛੋਂ ਇਕੱਠੀ ਹੋਈ ਸੰਗਤ ਨੂੰ ਸੰਬੋਧਨ ਕਰਦੇ ਹੋਏ ਗੁਰੂ ਜੀ ਨੇ ਖਾਲਸੇ ਦੇ ਫਰਜ਼ਾਂ ਦੀ ਜਾਣਕਾਰੀ ਦਿੱਤੀ। ਗੁਰੂ ਜੀ ਨੇ ਕਿਹਾ ਕਿ ਸਾਰਿਆਂ ਨੂੰ ਇਕ ਈਸ਼ਵਰ ਵਿਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜਾਤਪਾਤ, ਊਚ ਨੀਚ ਨਹੀਂ ਮੰਨਣੀ, ਅੱਜ ਤੋਂ ਬਾਅਦ ਸਾਰੇ ਖਾਲਸੇ ਬਰਾਬਰ ਹਨ ਤੇ ਭਾਈ ਹਨ, ਕੋਈ ਜਾਤ ਜਾਂ ਮਜ਼ਹਬ ਦੇ ਆਧਾਰ ਤੇ ਉੱਚਾ ਨੀਵਾਂ ਨਹੀਂ। ਸਾਰੇ ਇਕੋ ਬਾਟੇ ਵਿਚ ਅੰਮ੍ਰਿਤ ਛਕਣ ਤੇ ਇਕ ਦੂਜੇ ਨਾਲ ਪਿਆਰ ਕਰਨ। ਗੁਰੂ ਸਾਹਿਬ ਨੇ ਸਾਰੇ ਖਾਲਸੇ ਨੂੰ ਇਕ ਖਾਸ ਰਹਿਤ ਧਾਰਣ ਕਰਨ ਵਾਸਤੇ ਕਿਹਾ। ਜਿਸ ਨੂੰ ਖਾਲਸਾ ਰਹਿਤ ਜਾਂ ਪੰਜ ਕਕਾਰੀ ਰਹਿਤ ਕਿਹਾ ਜਾਂਦਾ ਹੈ। ਇਹ ਪੰਜ ਕਕਾਰ ਹਨ, ਕਛਹਿਰਾ, ਕੰਘਾ, ਕੜਾ, ਕਿਰਪਾਨ ਤੇ ਕੇਸ। ਇਹਨਾ ਪੰਜਾਂ ਦੇ ਪਹਿਲੇ ਅੱਖਰ 'ਕ' ਹੋਣ ਕਰਕੇ ਇਹਨਾਂ ਨੂੰ ਪੰਜ ਕਕਾਰ ਕਿਹਾ ਗਿਆ ਤੇ ਹਰ ਖਾਲਸੇ ਦੇ ਜੀਵਨ ਦਾ ਇਹ ਜ਼ਰੂਰੀ ਅੰਗ ਐਲਾਨਿਆ ਗਿਆ। ਕੁਝ ਗੱਲਾਂ ਖਾਲਸੇ ਲਈ ਨਾ ਵਰਤਣ ਯੋਗ ਆਖੀਆਂ ਗਈਆਂ ਜਿਹਨਾਂ ਨੂੰ ਸਿੱਖ ਨਿਯਮਾਵਲੀ ਵਿਚ ਕੁਰਹਿਤਾਂ ਕਿਹਾ ਗਿਆ। 1. ਕੇਸ ਨਾ ਕਟਾਵੇ 2. ਤਮਾਕੂ ਨਾ

ਪੀਵੇ 3. ਹਲਾਲ ਮਾਸ ਨਾ ਖਾਵੇ 4. ਕਿਸੇ ਪਰਾਈ ਇਸਤਰੀ ਵੱਲ ਮਾੜੀ ਨਜ਼ਰ ਨਾ ਰੱਖੇ। ਇਸ ਤੋਂ ਇਲਾਵਾ ਕੁੜੀਮਾਰ, ਮੀਣੇ, ਧੀਰ ਮੱਲੀਏ, ਰਾਮ ਰਾਈਏ ਅਤੇ ਮਸੰਦਾਂ ਆਦਿ ਧਰਮ ਨਿਯਮਾਂ ਤੋਂ ਡਿੱਗਿਆ ਹੋਇਆਂ ਨਾਲ ਕਿਸੇ ਕਿਸਮ ਦੀ ਨੇੜਤਾ ਨਹੀਂ ਰੱਖਣੀ। ਖਾਲਸੇ ਦਾ ਫਰਜ਼ ਹੈ ਕਿ ਸਤ ਸੰਤੋਖ, ਦਇਆ, ਧਰਮ ਆਦਿ ਦਾ ਪਾਲਣਾ ਕਰੋ ਤੇ ਕਾਮ, ਕਰੋਧ, ਲੋਭ ਮੋਹ ਹੰਕਾਰ ਤੋਂ ਬਚੋ। ਗੋਕਲਚੰਦ ਨਾਰੰਗ ਅਨੁਸਾਰ ਇਸ ਸਿਸਟਮ ਵਿਚ ਵੱਡੇ ਤੋਂ ਵੱਡੇ ਆਗੂ ਨੂੰ ਵੀ ਕੋਈ ਵਿਸ਼ੇਸ਼ ਅਧਿਕਾਰ ਪ੍ਰਾਪਤ ਨਹੀਂ ਸਨ। ਭਾਈ ਗੁਰਦਾਸ ਸਿੰਘ ਉਸ ਸਮੇਂ ਸੰਬੰਧੀ ਲਿਖਦਾ ਹੈ :

'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'

ਗੁਰੂ ਸਾਹਿਬ ਨੇ ਆਪਣੇ ਆਪ ਨੂੰ ਖਾਲਸੇ ਵਿਚ ਅਭੇਦ ਕਰਕੇ ਆਉਣ ਵਾਲੇ ਸਮੇਂ ਲਈ ਇਕ ਸਿਧਾਂਤ ਨਿਸ਼ਚਿਤ ਕਰ ਦਿੱਤਾ ਕਿ ਜਿੱਥੇ ਪੰਥ ਰਹਿਤਵਾਨ ਸਿੱਖ ਇਕੱਠੇ ਹੋ ਕੇ ਖਾਲਸਾ ਰੂਪ ਧਾਰ ਲੈਣਗੇ ਤੇ ਉਥੇ ਮੇਰਾ ਆਪਣਾ ਵਾਸਾ ਹੋਵੇਗਾ :

'ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੋ ਕਰੋ ਨਿਵਾਸ।।'

**ਖਾਲਸਾ ਸਾਜਣ ਉਪਰੰਤ ਘਟਨਾਵਾਂ**

ਖਾਲਸਾ ਸਾਜਣਾ ਇਕ ਬਹੁਤ ਵੱਡੀ ਘਟਨਾ ਸੀ, ਜਿਸ ਤੋਂ ਪਹਾੜੀ ਰਾਜੇ ਘਬਰਾ ਗਏ। ਉਂਝ ਤਾਂ ਸਾਰੇ ਹੀ ਪਹਾੜੀ ਰਾਜੇ ਗੁਰੂ ਜੀ ਦੀ ਤਾਕਤ ਤੋਂ ਘਬਰਾਉਂਦੇ ਸਨ ਪਰ ਕਹਿਲੂਰ ਦਾ ਰਾਜਾ ਬਹੁਤ ਹੀ ਭੈ-ਭੀਤ ਸੀ ਜਿਸ ਦੀ ਜ਼ਮੀਨ ਵਿਚ ਆਨੰਦਪੁਰ ਸਾਹਿਬ ਵਸਿਆ ਹੋਇਆ ਸੀ। ਉਹ ਗੁਰੂ ਸਾਹਿਬ ਨੂੰ ਆਨੰਦਪੁਰ ਸਾਹਿਬ ਤੋਂ ਕੱਢਣਾ ਚਾਹੁੰਦਾ ਸੀ ਇਸ ਲਈ ਉਸ ਨੇ ਗੁਰੂ ਜੀ ਨੂੰ ਇਕ ਪੱਤਰ ਲਿਖ ਕੇ ਸੂਚਿਤ ਕੀਤਾ ਕਿ ਗੁਰੂ ਜੀ ਜਾਂ ਉਹ ਸਾਰੀ ਜ਼ਮੀਨ ਛੱਡ ਦੇਣ ਜਿਸ ਵਿਚ ਆਨੰਦਪੁਰ ਸਾਹਿਬ ਵਸਿਆ ਹੋਇਆ ਹੈ ਜਾਂ ਫਿਰ ਪਿਛਲਾ ਸਾਰਾ ਮਾਮਲਾ ਦੇਣ। ਗੁਰੂ ਸਾਹਿਬ ਨੇ ਇਸ ਮੰਗ ਨੂੰ ਅਯੋਗ ਕਰਾਰ ਦਿੰਦੇ ਹੋਏ ਉੱਤਰ ਦਿੱਤਾ ਕਿ ਇਸ ਜ਼ਮੀਨ ਦੀ ਸਾਰੀ ਕੀਮਤ ਗੁਰੂ ਤੇਗ ਬਹਾਦਰ ਜੀ ਨੇ ਦਿੱਤੀ ਹੋਈ ਹੈ ਇਸ ਲਈ ਦੁਬਾਰਾ ਕੀਮਤ ਅਦਾ ਨਹੀਂ ਕੀਤੀ ਜਾ ਸਕਦੀ।

**ਆਨੰਦਪੁਰ ਦੀ ਪਹਿਲੀ ਲੜਾਈ**

ਇਸ ਤੇ ਭੀਮ ਚੰਦ ਨੇ ਹੋਰ ਪਹਾੜੀ ਰਾਜਿਆਂ ਨਾਲ ਮਿਲ ਕੇ ਆਨੰਦਪੁਰ ਨੂੰ ਘੇਰਾ ਪਾ ਲਿਆ। ਗੁਰੂ ਦੀਆਂ ਫੌਜਾਂ ਵੀ ਤਿਆਰ ਸਨ। ਪਰ ਪਹਾੜੀ ਰਾਜਿਆਂ ਨੇ ਸਿੱਧੀ ਟੱਕਰ ਲੈਣ ਦੀ ਬਜਾਏ ਆਨੰਦਪੁਰ ਦਾ ਘੇਰਾ ਪਾਇਆ ਤੇ ਕਿਲ੍ਹੇ ਦੇ ਅੰਦਰ ਤੇ ਬਾਹਰ ਜਾਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਇਸ ਯੁੱਧ ਵਿਚ ਫੈਸਲਾ ਗੁਰੂ ਜੀ ਦੇ ਆਨੰਦਪੁਰ ਛੱਡਣ ਤੇ ਹੋਇਆ ਤੇ ਗੁਰੂ ਜੀ ਆਨੰਦਪੁਰ ਛੱਡ ਕੇ ਨਿਰਮੋਹ ਪਿੰਡ ਚਲੇ ਗਏ ਤਾਂ ਕਿ ਯੁੱਧ ਤੋਂ ਬਚਿਆ ਜਾ ਸਕੇ।

**ਨਿਰਮੋਹ ਦੀ ਲੜਾਈ**

ਭਾਵੇਂ ਗੁਰੂ ਜੀ ਯੁੱਧ ਨੂੰ ਟਾਲ ਕੇ ਨਿਰਮੋਹ ਪਿੰਡ ਚਲੇ ਗਏ ਸਨ ਪਰ ਲੜਾਈ ਨੂੰ ਉਹ ਟਾਲ ਨਾ ਸਕੇ ਤੇ ਉੱਥੇ ਸਿੱਖਾਂ ਨੂੰ ਪਹਾੜੀਆਂ ਨਾਲ ਲੜਨਾ ਪਿਆ ਤੇ ਜਿੱਤ ਸਿੱਖਾਂ ਦੇ ਹਿੱਸੇ ਆਈ।

**ਬਸੌਲੀ ਦੀ ਜੰਗ**

ਇਸ ਘਟਨਾ ਤੋਂ ਬਾਅਦ ਗੁਰੂ ਜੀ ਨਿਰਮੋਹ ਪਿੰਡ ਛੱਡ ਕੇ ਬਸੌਲੀ ਪਿੰਡ ਚਲੇ ਗਏ। ਉਥੇ ਵੀ ਕਹਿਲੂਰ ਦੇ ਰਾਜੇ ਨੇ ਹਮਲਾ ਕਰ ਦਿੱਤਾ ਤੇ ਉਸ ਨੇ ਗੁਰੂ ਸਾਹਿਬ ਤੋਂ ਹਾਰ ਖਾਧੀ। ਇਸ ਪਿੱਛੋਂ ਕੁਝ ਸਮਾਂ ਗੁਰੂ ਜੀ ਬਸੌਲੀ ਰਹੇ। ਇੱਥੇ ਇਕ ਵਾਰ ਫਿਰ ਗੁਰੂ ਜੀ ਦੇ ਸਿੱਖਾਂ ਤੇ ਕਹਿਲੂਰ ਦੇ ਰਾਜੇ ਦੀ ਸੈਨਾ ਵਿਚਕਾਰ ਭੇੜ ਹੋਇਆ ਤੇ ਸਿੱਖਾਂ ਨੇ ਲੱਕ ਤੋੜਵੀਂ ਹਾਰ ਦਿੱਤੀ ਜਿਸ ਤੋਂ ਘਬਰਾ ਕੇ ਕਹਿਲੂਰ ਦੇ ਰਾਜੇ ਨੇ ਗੁਰੂ ਸਾਹਿਬ ਨਾਲ ਮਿੱਤਰਤਾ

ਕਾਇਮ ਕਰ ਲਈ ਪਰ ਉਹ ਅੰਦਰੋਂ ਗੁਰੂ ਨਾਲ ਖਾਰ ਖਾਂਦੇ ਸਨ।

**ਆਨੰਦਪੁਰ ਦੀ ਦੂਜੀ ਲੜਾਈ**

1705 ਈ. ਤੋਂ ਪਹਿਲੀਆਂ ਲੜਾਈਆਂ ਦੀਆਂ ਜਿੱਤਾਂ ਨੇ ਪਹਾੜੀ ਰਾਜਿਆਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ ਕਿ ਉਹ ਕਿਸੇ ਤਰ੍ਹਾਂ ਵੀ ਗੁਰੂ ਸਾਹਿਬ ਤੇ ਜਿੱਤ ਨਹੀਂ ਪ੍ਰਾਪਤ ਕਰ ਸਕਦੇ। ਇਸ ਲਈ ਉਹਨਾਂ ਨੇ ਅੰਦਰ ਖਾਤੇ ਇਕ ਸੰਘ ਕਾਇਮ ਕੀਤਾ ਜਿਸ ਵਿਚ ਉਹਨਾਂ ਨੇ ਆਪਣੇ ਤੋਂ ਇਲਾਵਾ ਗੁਜਰਾਂ, ਰੰਘੜਾਂ (ਜੋ ਗੁਰੂ ਜੀ ਨਾਲ ਈਰਖਾ ਰੱਖਦੇ ਸਨ) ਤੇ ਲਾਹੌਰ ਦੇ ਸੂਬੇਦਾਰ ਨੂੰ ਵੀ ਮਦਦ ਲਈ ਬੇਨਤੀ ਕੀਤੀ। ਸਾਰੀਆਂ ਫੌਜਾਂ ਦੇ ਸੰਘ ਨੇ ਜਿਸ ਵਿਚ ਮੁਸਲਮਾਨ ਸ਼ਾਹੀ ਫੌਜਾਂ ਵੀ ਸ਼ਾਮਲ ਸਨ, ਨੇ ਆਨੰਦਪੁਰ ਨੂੰ ਘੇਰਾ ਪਾਇਆ ਤੇ ਕਿਲ੍ਹੇ ਦੇ ਅੰਦਰ ਤੇ ਬਾਹਰ ਜਾਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਇਹ ਘੇਰਾ ਬਹੁਤ ਲੰਮਾ ਸਮਾਂ ਚਲਿਆ। ਪਰ ਅੰਦਰਲਾ ਰਸਦ ਪਾਣੀ ਕਿੰਨਾ ਕੁ ਚਿਰ ਟਿਕ ਸਕਦਾ ਸੀ। ਇਸ ਸਮੇਂ ਹੀ ਭੁੱਖ ਤੋਂ ਤੰਗ ਆ ਕੇ 40 ਸਿੱਖ ਆਪ ਨੂੰ ਬੇਦਾਵਾ ਦੇ ਕੇ ਚਲੇ ਗਏ ਸਨ।

**ਗੁਰੂ ਜੀ ਦਾ ਆਨੰਦਪੁਰ ਨੂੰ ਛੱਡਣਾ**

5,6 ਦਸੰਬਰ 1705 ਈ. ਕਿਲ੍ਹੇ ਵਿਚ ਰਸਦ ਪਾਣੀ ਦੀ ਕਮੀ ਕਾਰਨ ਕੁੱਝ ਸਿੱਖ ਦਿਲ ਛੱਡ ਗਏ। ਉਂਝ ਵੀ ਸਿੱਖ ਦੁਸ਼ਮਣਾਂ ਨਾਲ ਲੜ ਲੜ ਕੇ ਥੱਕ ਚੁੱਕੇ ਸਨ। ਮੁਸਲਮਾਨਾਂ ਦੇ ਜਰਨੈਲਾਂ ਤੇ ਗੁਰੂ ਜੀ ਦੇ ਵਿਚਕਾਰ ਇਕ ਸਮਝੌਤਾ ਹੋਇਆ, ਜਿਸ ਵਿਚ ਮੁਗਲਾਂ ਨੇ ਕਸਮਾਂ ਖਾਧੀਆਂ ਕਿ ਉਹ ਗੁਰੂ ਦੀਆਂ ਫੌਜਾਂ ਤੇ ਹਮਲਾ ਨਹੀਂ ਕਰਨਗੇ ਜੇ ਗੁਰੂ ਜੀ ਕਿਲ੍ਹਾ ਖਾਲੀ ਕਰ ਦੇਣ। ਭਾਵੇਂ ਗੁਰੂ ਜੀ ਮੁਗਲਾਂ ਤੇ ਇਤਬਾਰ ਨਹੀਂ ਸਨ ਕਰਦੇ ਪਰ ਮਾਤਾ ਜੀ ਤੇ ਸਿੱਖਾਂ ਦੇ ਬਾਰ ਬਾਰ ਕਹਿਣ ਉਤੇ ਗੁਰੂ ਜੀ ਨੂੰ ਇਹ ਫੈਸਲਾ ਪ੍ਰਵਾਨ ਕਰਨਾ ਪਿਆ। ਪਰ ਗੁਰੂ ਫੌਜਾਂ ਅਜੇ ਥੋੜ੍ਹੀ ਦੂਰ ਹੀ ਗਈਆਂ ਸਨ ਕਿ ਮੁਗਲਾਂ ਨੇ ਕਸਮਾਂ ਤੋੜ ਕੇ ਹਮਲਾ ਕਰ ਦਿੱਤਾ। ਸਿੱਖ ਲੜਦੇ ਵੀ ਜਾਂਦੇ ਤੇ ਪਿੱਛੇ ਵੀ ਹਟਦੇ ਜਾਂਦੇ। ਆਖਿਰ ਸਰਸਾ ਨਦੀ ਦੇ ਕੰਢੇ ਜਿਸ ਵਿਚ ਹੜ੍ਹ ਆਇਆ ਹੋਇਆ ਸੀ, ਘਮਸਾਣ ਦੀ ਲੜਾਈ ਹੋਈ। ਬਹੁਤ ਸਾਰੇ ਸਿੱਖ ਸਰਸਾ ਨਦੀ ਦੀ ਭੇਟ ਚੜ੍ਹ ਗਏ। ਗੁਰੂ ਜੀ ਦਾ ਰਚਿਆ ਹੋਇਆ ਬਹੁਤ ਸਾਰਾ ਸਾਹਿਤ ਸਰਸਾ ਨਦੀ ਵਿੱਚ ਡੁੱਬ ਗਿਆ। ਇਸ ਲੜਾਈ ਦੌਰਾਨ ਗੁਰੂ ਜੀ ਦੇ ਦੋ ਸਾਹਿਬਜਾਦੇ ਤੇ ਮਾਤਾ ਜੀ ਗੁਰੂ ਜੀ ਤੋਂ ਵਿਛੜ ਗਏ ਜਿਹਨਾਂ ਨੂੰ ਪਿਛੋਂ ਮੋਰਿੰਡਾ ਦੀ ਫੌਜ ਨੇ ਫੜ ਕੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਕੋਲ ਪੇਸ਼ ਕਰ ਦਿੱਤਾ, ਜਿਸ ਨੇ ਉਹਨਾਂ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ। ਪਰ ਬੱਚਿਆਂ ਵੱਲੋਂ ਆਪਣੇ ਧਰਮ ਨਾ ਬਦਲਣ ਤੇ ਸੂਬਾ ਸਰਹੰਦ ਨੇ ਉਹਨਾਂ ਨੂੰ ਜੀਊਂਦੇ ਨੀਹਾਂ ਵਿਚ ਚਿਣਵਾ ਦਿੱਤਾ। ਮਾਤਾ ਜੀ ਵੀ ਬੱਚਿਆਂ ਦਾ ਸਦਮਾ ਨਾ ਬਰਦਾਸ਼ਤ ਕਰਦੀ ਹੋਈ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੀ।

**ਚਮਕੌਰ ਦੀ ਲੜਾਈ**

ਗੁਰੂ ਜੀ ਸਿਰਸਾ ਨਦੀ ਪਾਰ ਕਰਕੇ ਰੋਪੜ ਪਹੁੰਚੇ, ਮੁਗਲ ਸੈਨਾ ਗੁਰੂ ਜੀ ਦਾ ਪਿੱਛਾ ਕਰ ਰਹੀ ਸੀ। ਰੋਪੜ ਤੋਂ ਗੁਰੂ ਜੀ ਚਮਕੌਰ ਪੁੱਜੇ, ਉੱਥੇ ਇਕ ਕੱਚੀ ਹਵੇਲੀ ਜਿਸ ਦੀ ਸ਼ਕਲ ਕਿਲ੍ਹੇ ਵਰਗੀ ਸੀ ਵਿਖੇ ਉਤਾਰਾ ਕੀਤਾ। ਮੁਗਲ ਫੌਜਾਂ ਨੇ ਇਸ ਹਵੇਲੀ ਨੂੰ ਵੀ ਘੇਰਾ ਪਾ ਲਿਆ। ਇਸ ਸਮੇਂ ਗੁਰੂ ਜੀ ਨਾਲ 40 ਸਿੱਖ ਤੇ ਦੋ ਸਾਹਿਬਜ਼ਾਦੇ ਸਨ। ਸਿੱਖਾਂ ਨੇ ਮੁਗਲਾਂ ਤੇ ਪਹਾੜੀਆਂ ਦਾ ਦ੍ਰਿੜ੍ਹਤਾ ਨਾਲ ਮੁਕਾਬਲਾ ਕੀਤਾ ਤੇ ਹਜ਼ਾਰਾਂ ਦੀ ਗਿਣਤੀ ਦੀ ਮੁਗਲ ਸੈਨਾ ਨੂੰ ਵਖਤ ਪਾਈ ਰੱਖਿਆ। ਇਸ ਲੜਾਈ ਵਿਚ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਤੇ ਪੰਜਾਂ ਪਿਆਰਿਆਂ ਵਿਚੋਂ ਤਿੰਨ ਸਿੰਘਾਂ ਨੇ ਗੁਰੂ ਜੀ ਨੂੰ ਕਿਲ੍ਹੇ ਵਿਚੋਂ ਨਿਕਲ ਜਾਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਖਾਲਸੇ ਦੇ ਹੁਕਮ ਨੂੰ ਮੰਨਣ ਲਈ ਪਾਬੰਦ ਸਨ, ਉਹ ਇੰਨਾ ਤਕੜਾ ਘੇਰਾ ਹੁੰਦੇ ਹੋਏ ਵੀ ਭੇਸ ਵਟਾ ਕੇ ਰਾਤ ਦੇ ਹਨ੍ਹੇਰੇ ਦਾ ਫਾਇਦਾ ਉਠਾਉਂਦੇ ਹੋਏ ਤਾੜੀ ਮਾਰ ਕੇ ਨਿਕਲੇ ਜਿਸ ਦਾ ਭਾਵ ਸੀ ਕਿ ਗੁਰੂ ਜੀ ਸੁਰੱਖਿਅਤ ਬਾਹਰ ਨਿਕਲ ਚੁੱਕੇ ਹਨ। ਚਮਕੌਰ ਤੋਂ ਨਿਕਲਣ ਉਪਰੰਤ ਗੁਰੂ ਜੀ ਨੇ ਮਾਛੀਵਾੜੇ ਦੇ ਸੰਘਣੇ ਜੰਗਲਾਂ ਦਾ ਸਹਾਰਾ ਲਿਆ। ਉੱਥੇ ਉਹ ਬਿਨਾਂ ਕਿਸੇ ਸਹਾਰੇ ਦੇ ਇਕੱਲੇ ਸਨ। ਉਹਨਾਂ ਦੇ ਸਾਰੇ ਸਿੱਖ ਸਹਿਯੋਗੀ ਇਕ ਇਕ ਕਰਕੇ

ਵਿਛੜ ਚੁੱਕੇ ਸਨ। ਉਹਨਾਂ ਦੇ ਕੱਪੜੇ ਲੀਰੋ ਲੀਰ ਸਨ। ਪੈਰੀ ਛਾਲੇ ਸਨ। ਪੋਹ ਮਾਘ ਦੀਆਂ ਠੰਡੀਆਂ ਰਾਤਾਂ, ਜੇ ਕੋਈ ਸਹਾਰਾ ਸੀ ਉਹ ਸੀ ਅਕਾਲ ਪੁਰਖ ਦਾ, ਡਲੇ ਦਾ ਸਰਹਾਣਾ ਬਣਾ ਕੇ ਉਹਨਾਂ ਨੇ ਆਰਾਮ ਕੀਤਾ। ਸ਼ਾਹੀ ਫੌਜਾਂ ਅਜੇ ਵੀ ਉਹਨਾਂ ਦਾ ਪਿਛਾ ਕਰ ਰਹੀਆਂ ਸਨ। ਇਸ ਮੁਸ਼ਕਲ ਦੇ ਸਮੇਂ ਵਿਚ ਵੀ ਗੁਰੂ ਜੀ ਚੜ੍ਹਦੀ ਕਲਾ ਵਿਚ ਰਹੇ। ਅਜਿਹੇ ਹਾਲਾਤ ਵਿਚ ਗੁਰੂ ਸਾਹਿਬ ਨੇ ਇਕ ਪ੍ਰਸਿੱਧ ਸ਼ਬਦ ਰਚਿਆ ਜਿਸ ਵਿਚ ਉਹ ਆਪਣੇ ਪਿਆਰੇ ਪਰਮਾਤਮਾ ਨੂੰ ਸੁਨੇਹਾ ਭੇਜਦੇ ਹਨ :

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾ ਦੇ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ।

ਫਿਰਦੇ ਫਿਰਦੇ ਗੁਰੂ ਜੀ ਮਾਛੀਵਾੜੇ ਜਾ ਪੁੱਜੇ ਤੇ ਉਥੇ ਗੁਲਾਬ ਤੇ ਪੰਜਾਬ ਦੋ ਮਸੰਦਾਂ ਕੋਲ ਠਹਿਰੇ। ਮਸੰਦਾਂ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਪਰ ਛੇਤੀ ਹੀ ਉਹ ਹਕੂਮਤ ਦੇ ਡਰ ਤੋਂ ਘਬਰਾ ਗਏ ਤੇ ਉਹਨਾਂ ਨੇ ਗੁਰੂ ਸਾਹਿਬ ਨੂੰ ਆਪਣੇ ਕੋਲ ਰੱਖਣ ਤੋਂ ਇਨਕਾਰ ਕਰ ਦਿੱਤਾ। ਇਸ ਸੰਕਟ ਦੇ ਸਮੇਂ ਗੁਰੂ ਜੀ ਦਾ ਮੇਲ ਨਬੀ ਖ਼ਾਂ ਤੇ ਗਨੀ ਖ਼ਾਂ ਦੋ ਪਠਾਣਾਂ ਨਾਲ ਹੋਇਆ ਜਿਹਨਾਂ ਨੇ ਇਕ ਵਾਰ ਗੁਰੂ ਜੀ ਕੋਲ ਘੋੜੇ ਵੇਚੇ ਸਨ। ਇਨ੍ਹਾਂ ਪਠਾਣ ਭਰਾਵਾਂ ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਾ ਕੇ ਮੁਗਲ ਸੈਨਾ ਦੇ ਘੇਰੇ ਵਿਚੋਂ ਕੱਢ ਕੇ ਸੁਰੱਖਿਅਤ ਥਾਂ ਤੇ ਪੁਚਾ ਦਿੱਤਾ। ਇੱਥੋਂ ਗੁਰੂ ਜੀ ਆਲਮਗੀਰ ਪੁੱਜੇ ਜਿੱਥੇ ਉਹਨਾਂ ਨੂੰ ਭਾਈ ਮਨੀ ਸਿੰਘ ਦਾ ਵੱਡਾ ਪੁੱਤਰ ਨਗਾਹੀਆ ਸਿੰਘ ਮਿਲਿਆ ਜੋ ਘੋੜਿਆਂ ਦਾ ਵਪਾਰ ਕਰਦਾ ਸੀ ਤੇ ਉਸ ਨੇ ਗੁਰੂ ਸਾਹਿਬ ਨੂੰ ਘੋੜਾ ਭੇਟ ਕੀਤਾ। ਗੁਰੂ ਜੀ ਨੇ ਬਾਕੀ ਸਫਰ ਘੋੜੇ ਤੇ ਕੀਤਾ ਤੇ ਗੁਰੂ ਜੀ ਪੜਾ ਤਹਿ ਕਰਦੇ ਕਰਦੇ ਦੀਨਾ ਪੁੱਜੇ। ਇੱਥੇ ਭਾਈ ਜੋਧੇ ਦੇ ਪੋਤਰਿਆਂ ਲਖਮੀਰ, ਸ਼ਮੀਰ ਤੇ ਤਖਤ ਮੱਲ ਨੇ ਉਹਨਾਂ ਨਾਲ ਪਿਆਰ ਭਰਿਆ ਵਰਤਾਓ ਕੀਤਾ। ਇੱਥੇ ਗੁਰੂ ਸਾਹਿਬ ਨੇ ਫਾਰਸੀ ਅੱਖਰਾਂ ਵਿਚ ਉਹ ਪ੍ਰਸਿੱਧ ਚਿੱਠੀ ਲਿਖੀ ਜਿਸ ਨੂੰ ਜਫਰਨਾਮੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਤੇ ਇਹ ਚਿੱਠੀ ਭਾਈ ਦਇਆ ਸਿੰਘ ਤੇ ਧਰਮ ਸਿੰਘ ਰਾਹੀਂ ਔਰੰਗਜ਼ੇਬ ਕੋਲ ਭੇਜੀ ਗਈ। ਇਸ ਚਿੱਠੀ ਵਿਚ ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਕੁਕਰਮਾਂ ਤੇ ਚਾਨਣਾ ਪਾਉਂਦੇ ਹੋਏ ਉਸ ਵਿਰੁੱਧ ਤਲਵਾਰ ਚੁੱਕਣ ਨੂੰ ਜਾਇਜ਼ ਠਹਿਰਾਇਆ।

**ਮੁਕਤਸਰ ਦੀ ਲੜਾਈ**

ਮੁਗਲ ਫੌਜਾਂ ਅਜੇ ਵੀ ਗੁਰੂ ਸਾਹਿਬ ਦਾ ਪਿੱਛਾ ਕਰ ਰਹੀਆਂ ਸਨ। ਪਰ ਹੁਣ ਗੁਰੂ ਸਾਹਿਬ ਦੀ ਹਾਲਤ ਚਮਕੌਰ ਦੀ ਲੜਾਈ ਵਾਲੀ ਨਹੀਂ ਸੀ। ਬਹੁਤ ਸਾਰੇ ਸਿੱਖ ਗੁਰੂ ਜੀ ਦੀ ਫੌਜ ਵਿਚ ਦਾਖਲ ਹੋ ਚੁੱਕੇ ਸਨ। ਇਸ ਲੜਾਈ ਲਈ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਦੀ ਓਟ ਲਈ। ਇਸ ਸਮੇਂ ਉਹ 40 ਸਿੰਘ ਵੀ ਆ ਸ਼ਾਮਲ ਹੋਏ ਜਿਹੜੇ ਗੁਰੂ ਜੀ ਨੂੰ ਬੇਦਾਵਾ ਦੇ ਗਏ ਸਨ। ਇਸ ਥਾਂ ਤੇ ਗੁਰੂ ਜੀ ਦੀਆਂ ਫੌਜਾਂ ਨੂੰ ਜਿੱਤ ਪ੍ਰਾਪਤ ਹੋਈ ਤੇ ਉਹ 40 ਸਿੰਘ ਸ਼ਹੀਦੀਆਂ ਪ੍ਰਾਪਤ ਕਰ ਗਏ। ਗੁਰੂ ਜੀ ਉਹਨਾਂ ਦੀ ਬਹਾਦਰੀ, ਸ਼ਰਧਾ ਤੇ ਪਿਆਰ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਬੇਦਾਵੇ ਵਾਲੀ ਲਿਖਤ ਪਾੜ ਦਿੱਤੀ ਤੇ ਗੁਰੂ ਸਾਹਿਬ ਨੇ ਉਹਨਾਂ ਨੂੰ ਮੁਕਤੀ ਦਾ ਵਰ ਦਿੱਤਾ ਤੇ ਇਸ ਖਿਦਰਾਣੇ ਦੀ ਢਾਬ ਦਾ ਨਾਂ ਮੁਕਤਸਰ ਪੈ ਗਿਆ। ਭਾਵੇਂ ਇਸ ਲੜਾਈ ਵਿਚ ਗੁਰੂ ਜੀ ਦੀ ਜਿੱਤ ਹੋਈ ਪਰ ਉਹਨਾਂ ਨੇ ਇੱਥੇ ਰਹਿਣਾ ਠੀਕ ਨਾ ਸਮਝਿਆ ਤੇ ਅੱਗੇ ਪੜਾ ਕਰਦੇ, ਤਲਵੰਡੀ ਸਾਬੋ ਜਾ ਡੇਰਾ ਲਾਇਆ। ਇੱਥੇ ਗੁਰੂ ਜੀ ਨੇ ਕੁਝ ਆਰਾਮ ਕੀਤਾ, ਸੁੱਖ ਦਾ ਸਾਹ ਲਿਆ। ਇੱਥੇ ਗੁਰੂ ਜੀ ਦਾ ਸਿੱਖ ਭਾਈ ਡੱਲਾ ਰਹਿੰਦਾ ਸੀ ਜਿਸ ਕਰਕੇ ਇਸ ਸਥਾਨ ਤੇ ਗੁਰੂ ਜੀ ਇਕ ਸਾਲ ਲਗਭਗ ਰਹੇ ਤੇ ਬਹੁਤ ਸਾਰੇ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਇੱਥੇ ਹੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੁਬਾਰਾ ਮੂੰਹ ਜ਼ਬਾਨੀ ਲਿਖਵਾਇਆ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ

ਮੰਨੀ ਜਾਂਦੀ ਹੈ। ਦਸਮ ਗ੍ਰੰਥ ਦੇ ਕਾਫੀ ਭਾਗ ਦੀ ਰਚਨਾ ਇੱਥੇ ਕੀਤੀ ਇਸੇ ਕਾਰਣ ਇਸ ਅਸਥਾਨ ਦਾ ਨਾਂ ਦਮਦਮੇ ਤੋਂ ਗੁਰੂ ਕੀ ਕਾਸ਼ੀ ਪੈ ਗਿਆ। ਇਸ ਸਮੇਂ ਹੀ ਗੁਰੂ ਸਾਹਿਬ ਨੂੰ ਜਫਰਨਾਮੇ ਖਤ ਦਾ ਉੱਤਰ ਔਰੰਗਜ਼ੇਬ ਨੇ ਲਿਖ ਕੇ ਭੇਜਿਆ ਤੇ ਉਹਨਾਂ ਨੂੰ ਮਿਲਣ ਲਈ ਦੱਖਣ ਬੁਲਾਇਆ। ਕਈ ਇਤਿਹਾਸਕਾਰਾਂ ਅਨੁਸਾਰ ਗੁਰੂ ਜੀ ਔਰੰਗਜ਼ੇਬ ਨੂੰ ਮਿਲਣ ਲਈ ਚਲੇ ਗਏ। ਔਰੰਗਜ਼ੇਬ ਦੱਖਣ ਦੀ ਵਿਜੈ ਤੇ ਗਿਆ ਹੋਇਆ ਸੀ। ਜਦੋਂ ਉਹ ਔਰੰਗਜ਼ੇਬ ਨੂੰ ਮਿਲਣ ਲਈ ਜਾ ਰਹੇ ਸਨ ਤਾਂ ਰਸਤੇ ਵਿਚ ਰਾਜਪੂਤਾਨਾਂ ਵਿਚ ਭਦੋੜ ਦੇ ਨਜ਼ਦੀਕ ਸਨ ਕਿ ਉਹਨਾਂ ਨੂੰ ਖਬਰ ਮਿਲੀ ਕਿ ਔਰੰਗਜ਼ੇਬ 24 ਫਰਵਰੀ 1707 ਈ. ਨੂੰ ਮਰ ਗਿਆ ਹੈ, ਜਿਸ ਤੇ ਗੁਰੂ ਸਾਹਿਬ ਨੇ ਆਪਣਾ ਪ੍ਰੋਗਰਾਮ ਬਦਲ ਦਿੱਤਾ ਤੇ ਦਿੱਲੀ ਆ ਗਏ।

ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਪੁੱਤਰਾਂ ਵਿਚ ਤਖਤਨਸ਼ੀਨੀ ਦੀ ਜੰਗ ਛਿੜ ਪਈ। ਸ਼ਾਹਜਾਦਾ ਮੁਅਜ਼ਮ ਔਰੰਗਜ਼ੇਬ ਦੀ ਮੌਤ ਸਮੇਂ ਉਸ ਦੇ ਨਾਲ ਅਹਿਮਦ ਨਗਰ ਵਿਚ ਸੀ ਤੇ ਉਸ ਨੇ ਬਾਦਸ਼ਾਹ ਦੀ ਮੌਤ ਤੋਂ ਤੁਰੰਤ ਬਾਦ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਬਹਾਦਰ ਸ਼ਾਹ ਜੋ ਔਰੰਗਜ਼ੇਬ ਦਾ ਸਭ ਤੋਂ ਵੱਡਾ ਪੁੱਤਰ ਸੀ, ਤਖਤ ਦਾ ਅਸਲ ਵਾਰਸ ਸੀ। ਉਹ ਪਿਸ਼ਾਵਰ ਤੋਂ ਦਿੱਲੀ ਵੱਲ ਵਧਿਆ ਤੇ 8 ਜੂਨ 1707 ਨੂੰ ਮੁਅੱਜ਼ਮ ਤੇ ਬਹਾਦਰ ਸ਼ਾਹ ਦੀ ਜੰਗ ਹੋਈ ਤੇ ਬਹਾਦਰ ਸ਼ਾਹ ਜੇਤੂ ਹੋ ਕੇ ਦਿੱਲੀ ਤਖਤ ਤੇ ਬੈਠਾ। ਗੁਰੂ ਜੀ ਬਹਾਦਰ ਸ਼ਾਹ ਦੇ ਸੁਭਾਅ ਤੇ ਆਚਰਣ ਤੋਂ ਪਹਿਲਾਂ ਹੀ ਭਾਈ ਨੰਦ ਲਾਲ ਰਾਹੀਂ ਜਾਣਦੇ ਸਨ। ਇਸ ਲਈ ਗੁਰੂ ਜੀ ਵੱਲੋਂ ਬਹਾਦਰ ਸ਼ਾਹ ਦੀ ਫੌਜੀ ਸਹਾਇਤਾ ਕੀਤੀ ਗਈ ਜਿਸ ਤੇ ਗੁਰੂ ਜੀ ਦੀ ਤੇ ਬਹਾਦਰ ਸ਼ਾਹ ਦੀ ਮਿੱਤਰਤਾ ਪਕੇਰੀ ਹੋ ਗਈ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਆਗਰੇ ਸੱਦਿਆ ਤੇ ਗੁਰੂ ਜੀ ਦਾ ਬਹੁਤ ਸਨਮਾਨ ਕੀਤਾ, ਜਿਸ ਵਿਚ ਇਕ ਬਹੁਮੁੱਲੀ ਪੁਸ਼ਾਕ 60 ਹਜ਼ਾਰ ਰੁਪਏ ਦੀ ਮਾਲੀਅਤ ਤੇ ਹੀਰਿਆਂ ਜੜੀ ਇਕ ਧੁਕਧੁਕੀ ਦਿੱਤੀ। ਇਸ ਮੁਗਲ ਸਿੱਖ ਵੈਰ ਦੇ ਖਾਤਮੇ ਦਾ ਜ਼ਿਕਰ ਗੁਰੂ ਜੀ ਨੇ ਧੌਲ ਦੀ ਸੰਗਤ ਨੂੰ ਲਿਖੇ ਹੁਕਮਨਾਮੇ ਵਿਚ ਵੀ ਕੀਤਾ ਹੈ ਜੋ ਗੁਰੂ ਜੀ ਨੇ 2 ਅਕਤੂਬਰ, 1707 ਈ. ਵਿਚ ਲਿਖਿਆ।

**ਨੰਦੇੜ ਵਿਖੇ ਬੰਦੇ ਵੈਰਾਗੀ ਨਾਲ ਮੁਲਾਕਾਤ**

ਗੁਰੂ ਜੀ ਬਹਾਦਰ ਸ਼ਾਹ ਨਾਲ ਦੱਖਣ ਦੀਆਂ ਬਗਾਵਤਾਂ ਨੂੰ ਦਬਾਉਣ ਵਾਸਤੇ ਗਏ। ਪਰ ਜਦੋਂ ਗੁਰੂ ਜੀ ਨੇ ਦੇਖਿਆ ਕਿ ਬਹਾਦਰ ਸ਼ਾਹ ਦੋਖੀ ਮੁਗਲ ਹਾਕਮਾਂ ਨੂੰ ਸਜ਼ਾਵਾਂ ਦੇਣ ਵਿਚ ਟਾਲਮਟੋਲ ਕਰ ਰਿਹਾ ਹੈ ਤਾਂ ਗੁਰੂ ਜੀ ਬਹਾਦਰ ਸ਼ਾਹ ਤੋਂ ਵੱਖ ਹੋ ਕੇ ਨੰਦੇੜ ਪੁੱਜੇ ਤੇ ਉੱਥੇ ਬੰਦੇ ਬੈਰਾਗੀ ਮਾਧੋਦਾਸ ਨੂੰ ਮਿਲੇ ਤੇ ਉਸ ਨੂੰ ਅੰਮ੍ਰਿਤ ਛਕਾ ਕੇ ਪੰਜਾਬ ਦੇ ਸਿੱਖਾਂ ਦਾ ਲੀਡਰ ਥਾਪਿਆ ਤੇ ਉਸ ਦੀ ਮਦਦ ਲਈ ਕਈ ਹੁਕਮਨਾਮੇ ਪੰਜਾਬ ਦੇ ਸਿੱਖਾਂ ਲਈ, ਪੰਜ ਸਿੰਘ, ਕਈ ਹਥਿਆਰ ਦੇ ਕੇ ਪੰਜਾਬ ਵੱਲ ਵਿਦਾ ਕੀਤੇ ਤੇ ਜ਼ਾਲਮਾਂ ਨੂੰ ਢੁੱਕਦੀ ਸਜ਼ਾ ਦੇਣ ਦਾ ਹੁਕਮ ਦਿੱਤਾ।

ਇੱਥੇ ਹੀ ਗੁਰੂ ਜੀ ਦੋ ਮੁਸਲਮਾਨ ਪਠਾਣਾਂ ਦੇ ਵਾਰ ਕਾਰਨ ਜ਼ਖਮੀ ਹੋ ਗਏ, ਜਿਹਨਾਂ ਨੂੰ ਸਰਹੰਦ ਦੇ ਸੂਬੇਦਾਰ ਵਜ਼ੀਰਖਾਨ ਨੇ ਭੇਜਿਆ ਸੀ। ਜਿਸ ਨੂੰ ਗੁਰੂ ਜੀ ਤੇ ਬਹਾਦਰ ਸ਼ਾਹ ਦੀ ਮਿੱਤਰਤਾ ਕਾਰਨ ਡਰ ਸੀ ਕਿ ਕਿਤੇ ਬਹਾਦਰ ਸ਼ਾਹ ਤੋਂ ਗੁਰੂ ਜੀ ਉਸ ਦੇ ਮਾੜੇ ਕਰਮਾਂ ਦੀ ਸਜ਼ਾ ਨਾ ਦਵਾ ਦੇਣ। ਇਸ ਲਈ ਉਸ ਨੇ ਪਠਾਣਾਂ ਨੂੰ ਲਾਲਚ ਦੇ ਕੇ ਗੁਰੂ ਜੀ ਦਾ ਪਿਛਾ ਕਰਨ ਤੇ ਅਵਸਰ ਮਿਲਣ ਤੇ ਮਾਰ ਮੁਕਾਉਣ ਲਈ ਕਿਹਾ ਸੀ। ਪਠਾਣਾਂ ਨੇ ਮੌਕਾ ਤਾੜ ਕੇ ਗੁਰੂ ਜੀ ਦੇ ਪੇਟ ਵਿਚ ਛੁਰਾ ਮਾਰਿਆ। ਭਾਵੇਂ ਜ਼ਖਮ ਰਾਜੀ ਹੋ ਰਿਹਾ ਸੀ ਪਰ ਜ਼ਖਮ ਦੇ ਮੁੜ ਫਟ ਜਾਣ ਕਾਰਨ ਗੁਰੂ ਜੀ 7 ਅਕਤੂਬਰ, 1708 ਈ. ਨੂੰ ਜੋਤੀ ਜੋਤ ਸਮਾ ਗਏ। ਗੁਰੂ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਦਿੱਤੀ ਤੇ ਕਿਹਾ ਕਿ ਅੱਜ ਤੋਂ ਪਿੱਛੋਂ ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ ਹੋਵੇਗਾ। ਅੱਜ ਤੋਂ ਪਿੱਛੋਂ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ ਤੇ ਗੁਰੂ ਪੰਥ ਦੀ ਅਗਵਾਈ ਖਾਲਸਾ ਪੰਥ ਨੂੰ ਸੌਂਪ ਦਿੱਤੀ ਤੇ ਪੰਜ ਅੰਮ੍ਰਿਤਧਾਰੀ ਸਿੰਘਾਂ ਦਾ ਫੈਸਲਾ ਹਰ ਸਿੱਖ ਲਈ ਮੰਨਣ ਯੋਗ ਹੋਵੇਗਾ। ਉਦੋਂ ਤੋਂ ਅੱਜ ਤੱਕ ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਰ ਸਿੱਖ ਨੇ ਭਾਵੇਂ ਉਹ ਕਿਸੇ ਵੀ ਰੁੱਤਬੇ ਉੱਤੇ ਸੀ, ਪੰਜ ਪਿਆਰਿਆਂ ਦੇ ਹੁਕਮ ਅੱਗੇ ਹਮੇਸ਼ਾਂ ਸਿਰ ਝੁਕਾਇਆ।

# ਅਕਾਲ ਤਖ਼ਤ

ਅਕਾਲ ਤਖ਼ਤ ਸਾਹਿਬ ਦਾ ਸ਼ਾਬਦਿਕ ਅਰਥ ਹੈ: ਅਕਾਲ ਪੁਰਖ ਦਾ ਤਖ਼ਤ ਜਾਂ ਸਦਾ ਕਾਇਮ ਰਹਿਣ ਵਾਲਾ ਤਖ਼ਤ। ਸਿੱਖ ਫਲਸਫੇ ਵਿਚ ਤਖ਼ਤ ਤੋ ਭਾਵ ਦੁਨਿਆਵੀ ਦੌਲਤ ਅਤੇ ਸ਼ਕਤੀ ਦੀ ਮਲਕੀਅਤ ਨਹੀਂ ਕਿਉਂਕਿ ਦੁਨਿਆਵੀਂ ਪਾਤਸ਼ਾਹੀ ਸਦੀਵੀ ਨਹੀਂ, ਵਕਤੀ ਹੈ। ਸੋ ਅਜਿਹੇ ਤਖ਼ਤ ਦੇ ਪਾਤਸ਼ਾਹ ਦੀ ਆਖਰੀ ਹੱਦ ਉਨ੍ਹਾਂ ਦੇ ਸਾਹਾਂ ਦੀ ਮਿਆਦ ਤੱਕ ਮਿੱਥੀ ਜਾ ਸਕਦੀ ਹੈ। ਸੱਚ ਦੇ ਮੁਦਈ ਦਸ ਗੁਰੂ ਸਾਹਿਬਾਨ ਨੂੰ ਵੀ 'ਸੱਚੇ ਪਾਤਸ਼ਾਹ' ਦਾ ਦਰਜਾ ਦਿੱਤਾ ਗਿਆ ਹੈ ਕਿਉਂਕਿ ਉਹ ਸਰਵ ਸ਼ਕਤੀਮਾਨ ਅਕਾਲ ਪੁਰਖ ਦੇ ਪੈਗਾਮ ਨੂੰ ਲੋਕਾਈ ਤੱਕ ਪਹੁੰਚਾਉਣ ਵਾਲੇ ਹਰਕਾਰੇ ਸਨ ਤੇ ਅਕਾਲ ਤਖ਼ਤ ਸਾਹਿਬ, ਅਕਾਲ ਪੁਰਖ ਦਾ ਸਦੀਵੀ ਤਖ਼ਤ ਹੈ।

ਸਿੱਖ ਧਰਮ ਵਿਚ ਅਕਾਲ ਤਖ਼ਤ ਸਾਹਿਬ ਕਿਸੇ ਇਮਾਰਤ ਦਾ ਨਾਂ ਨਹੀਂ। ਇਹ ਤਾਂ ਇਕ ਸੰਕਲਪ ਹੈ ਜੋ ਖਾਲਸਾ ਪੰਥ ਦੀ ਜ਼ਿਹਨੀ ਸੁਤੰਤਰਤਾ ਅਤੇ ਸ਼ਕਤੀਸ਼ਾਲੀ ਹੋਂਦ ਦਾ ਪ੍ਰਤੀਕ ਹੈ। ਅਕਾਲ ਤਖ਼ਤ ਸਾਹਿਬ ਸਿੱਖਾਂ ਦੀਆਂ ਰੋਜ਼ਾਨਾ ਗਤੀਵਿਧੀਆਂ ਅਤੇ ਸਿੱਖ ਰਾਜਨੀਤਕ ਸੰਘਰਸ਼ ਨੂੰ ਸੇਧ ਦੇਣ ਵਾਲਾ ਤਖ਼ਤ ਹੈ। ਸਿੱਖ ਫ਼ਲਸਫ਼ੇ ਅਨੁਸਾਰ ਅਕਾਲ ਤਖ਼ਤ ਸਾਹਿਬ, ਅਕਾਲ ਪੁਰਖ ਅਤੇ ਸਿੱਖ ਵਿਚਕਾਰ ਰਿਸ਼ਤੇ ਵਾਲੀ ਹਸਤੀ ਹੈ ਅਤੇ ਇਸ ਰਿਸ਼ਤੇ ਨੂੰ ਅਹਿਮੀਅਤ ਦੇਣ ਵਾਲਾ ਹਰ ਸ਼ਖਸ 'ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ' ਸਿਰ ਝੁਕਾ ਕੇ ਇਸ ਦੀ ਸਿਰਦਾਰੀ ਨੂੰ ਮੰਨਦਾ ਹੈ। ਇੱਥੋਂ ਸਿੱਖ ਨੂੰ ਧਰਮ, ਕਰਮ, ਹੱਕ, ਸੱਚ ਅਤੇ ਇਨਸਾਫ ਲਈ ਲੜ ਮਰਨ, ਲੋਕਾਈ ਦੀ ਸੇਵਾ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਦਾ ਜਜ਼ਬਾ ਪੈਦਾ ਹੁੰਦਾ ਹੈ ਅਤੇ ਨਾਲ ਹੀ ਅਕਾਲ ਤਖ਼ਤ ਸਾਹਿਬ ਤੋਂ ਸਿੱਖਾਂ ਨੂੰ ਨਦਰ, ਮਿਹਰ ਅਤੇ ਕਰਮ ਦੀ ਬਖ਼ਸ਼ਿਸ਼ ਹੋਣੀ ਹੈ।

ਅਕਾਲ ਤਖ਼ਤ ਸਾਹਿਬ ਨੇ ਸਿੱਖਾਂ ਦੀ ਚੜ੍ਹਦੀ ਕਲਾ ਦੇ ਨਾਲ ਨਾਲ ਜੰਗਾਂ ਯੁੱਧਾਂ ਅਤੇ ਬਿਪਤਾ ਭਰੇ ਸਮਿਆਂ ਵਿਚ ਕੌਮ ਦੀ ਯੋਗ ਰਹਿਨੁਮਾਈ ਕੀਤੀ ਹੈ ਪਰ ਅਫਸੋਸਜਨਕ ਹੈ ਕਿ ਇਤਨੀ ਮਹਾਨ ਸੰਸਥਾ ਬਾਰੇ ਵੀ ਗੰਭੀਰਤਾ ਨਾਲ ਲਿਖੀਆਂ ਗਈਆਂ ਲਿਖਤਾਂ ਦੀ ਘਾਟ ਰੜਕਦੀ ਹੈ। ਇਥੋਂ ਤੱਕ ਕਿ ਭਾਈ ਗੁਰਦਾਸ ਜਿਹੇ ਮਹਾਨ ਵਿਦਵਾਨ, ਜਿਹੜੇ ਅਕਾਲ ਤਖ਼ਤ ਦੇ ਮੋਢੀ ਉਸਰੱਈਆਂ ਵਿਚੋਂ ਸਨ, ਨੇ ਵੀ ਅਕਾਲ ਤਖ਼ਤ ਬਾਰੇ ਕੁਝ ਨਹੀਂ ਲਿਖਿਆ। ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਅਤੇ ਕਰਤਵਾਂ ਬਾਰੇ ਕਾਫ਼ੀ ਵਿਸਥਾਰਪੂਰਵਕ ਲਿਖਤਾਂ ਦੇ ਬਾਵਜੂਦ ਭਾਈ ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਅਤੇ ਸੁੱਖਾ

ਸਿੰਘ ਹੋਰਾਂ ਨੇ ਵੀ ਇਸ ਮਹਾਨ ਸੰਸਥਾ ਬਾਰੇ ਚੁੱਪ ਸਾਧੀ ਰੱਖੀ ਹੈ ਇਸ ਕਾਲ ਦੀ ਇੱਕੋ ਇਕ ਜ਼ਿਕਰਯੋਗ ਲਿਖਤ 'ਗੁਰਬਿਲਾਸ ਪਾਤਸ਼ਾਹੀ ਛੇਵੀਂ ਹੈ' ਜਿਸ ਦੇ ਰਚਨਾਕਾਲ ਬਾਰੇ ਅੱਜ ਤੱਕ ਵਿਵਾਦ ਚਲ ਰਿਹਾ ਹੈ ਪਰ ਇਸ ਵਿਚ ਦਰਜ ਮਿਤੀਆਂ ਇਤਿਹਾਸਕ ਤੌਰ ਤੇ ਠੀਕ ਹੀ ਉਤਰਦੀਆਂ ਰਹੀਆਂ ਹਨ।

ਉਨੀਵੀਂ ਸਦੀ ਦੇ ਲੇਖਕਾਂ ਵਿਚੋਂ ਭਾਈ ਸੰਤੋਖ ਸਿੰਘ ਕਰਤਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਈ ਵੀਰ ਸਿੰਘ ਕਰਤਾ 'ਸ੍ਰੀ ਗੁਰਕੀਰਤ ਪ੍ਰਕਾਸ਼' ਅਤੇ ਗਯਾਨੀ ਗਿਆਨ ਸਿੰਘ ਕਰਤਾ 'ਸ੍ਰੀ ਗੁਰੂ ਪੰਥ ਪ੍ਰਕਾਸ਼' ਪ੍ਰਮੁੱਖ ਹਨ। ਉਰਦੂ ਦੀਆਂ ਲਿਖਤਾਂ ਵਿਚੋਂ ਅਹਿਮਦ ਸ਼ਾਹ ਬਟਾਲਵੀ ਦੀ ਤਾਰੀਖ਼-ਏ-ਪੰਜਾਬ ਅਤੇ ਕਨ੍ਹਈਆ ਲਾਲ ਦੀ ਤਾਰੀਖ਼-ਏ-ਪੰਜਾਬ ਆਉਂਦੀਆਂ ਹਨ ਜਿਨ੍ਹਾਂ ਵਿਚ ਅਕਾਲ ਤਖ਼ਤ ਸਾਹਿਬ ਦਾ ਭਰੋਸੇਯੋਗ ਜ਼ਿਕਰ ਆਉਂਦਾ ਹੈ। ਆਧੁਨਿਕ ਲੇਖਕਾਂ ਵਿਚੋਂ ਮੁੱਖ ਤੌਰ ਤੇ ਗੰਡਾ ਸਿੰਘ, ਤੇਜਾ ਸਿੰਘ, ਹਰੀ ਰਾਮ ਗੁਪਤਾ, ਖੁਸ਼ਵੰਤ ਸਿੰਘ, ਫੌਜਾ ਸਿੰਘ ਆਦਿ ਵਰਣਨਯੋਗ ਹਨ। ਮੈਲਕਾਮ, ਮੇਜਰ ਜੇਮਜ਼ ਬਰਾਊਨ, ਕਰਨਲ ਪੋਲੀਅਰ, ਕਨਿੰਘਮ, ਐਮ ਗਰੈਗਰ ਜਿਹੇ ਯੂਰਪੀਅਨ ਲੇਖਕਾਂ ਦੀਆਂ ਲਿਖਤਾਂ ਨਿਰਸੰਦੇਹ ਮਹੱਤਵਪੂਰਨ ਹਨ।

ਅਕਾਲ ਤਖ਼ਤ ਸਾਹਿਬ ਦੀ ਉਸਾਰੀ ਦੀਆਂ ਮਿਤੀਆਂ ਸੰਬੰਧੀ ਵਿਦਵਾਨਾਂ ਵਿਚ ਮੱਤਭੇਦ ਚਲੇ ਆ ਰਹੇ ਹਨ। ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਕਰਤਾ ਅਨੁਸਾਰ ਅਕਾਲ ਤਖ਼ਤ ਪੰਜ ਹਾੜ੍ਹ ਸੰਮਤ 1663 ਬਿਕਰਮੀ (1606 ਈ:) ਨੂੰ ਬਣਾਇਆ ਗਿਆ। ਭਾਈ ਸੰਤੋਖ ਸਿੰਘ ਨੇ ਵੀ ਇਸ ਮੱਤ ਨਾਲ ਸਹਿਮਤੀ ਪ੍ਰਗਟਾਈ ਹੈ। ਗਿਆਨੀ ਗਿਆਨ ਸਿੰਘ ਸੰਮਤ 1663 ਦੀ ਥਾਂ 1666 ਦੀ ਬਿਕਰਮੀ ਨੂੰ ਅਕਾਲ ਬੁੰਗੇ ਦੀ ਨੀਂਹ ਰੱਖੀ ਮੰਨਦੇ ਹਨ। ਗਿਆਨੀ ਲਾਲ ਸਿੰਘ ਅਤੇ ਸ੍ਰ. ਸਮਸ਼ੇਰ ਸਿੰਘ ਅਸ਼ੋਕ ਨੇ ਅਕਾਲ ਤਖ਼ਤ ਦੀ ਨੀਂਹ 1665 ਬਿਕਰਮੀ ਅਰਥਾਤ 1608 ਈ: ਨੂੰ ਰੱਖੀ ਗਈ ਸਵੀਕਾਰੀ ਹੈ।

ਉਪਰੋਕਤ ਵਿਚਾਰਾਂ ਦੇ ਮੱਦੇਨਜਰ ਸਭ ਤੋਂ ਵਧੇਰੇ ਸਵੀਕ੍ਰਿਤੀ ਪ੍ਰਾਪਤ ਮੱਤ ਹਾੜ ਸੁਦੀ ਪੰਚਮੀ, ਸੰਮਤ 1763 ਬਿਕਰਮੀ ਮੁਤਾਬਕ ਜੂਨ, ਸੰਨ 1606 ਈਸਵੀ ਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਦੀ ਮਜਬੂਤ ਨੀਂਹ ਨੂੰ ਹਿਲਾ ਕੇ ਰੱਖ ਦਿੱਤਾ ਸੀ। ਸ਼ਾਂਤਮਈ ਪ੍ਰਚਾਰ ਦਾ ਦੌਰ ਸਮਾਪਤ ਹੋ ਚੁੱਕਾ ਸੀ ਤੇ ਮੁਗਲ ਹਕੂਮਤ ਦੇ ਜਬਰ ਦਾ ਡਟ ਕੇ ਮੁਕਾਬਲਾ ਕਰਨ ਲਈ ਸਿੱਖਾਂ ਵਿਚ ਰਾਜਨੀਤਿਕ ਤੇ ਧਾਰਮਿਕ ਸੁਤੰਤਰਤਾ ਦਾ ਬੋਧ ਹੋਣਾ ਲਾਜ਼ਮੀ ਬਣ ਚੁੱਕਿਆ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਪਿਤਾ ਅਤੇ ਮਹਿਬੂਬ ਗੁਰੂ ਦੀ ਸ਼ਹਾਦਤ ਦਾ ਮੂੰਹ ਤੋੜ ਜਵਾਬ ਦੇਣ ਲਈ ਪ੍ਰਚਲਿਤ ਪਰੰਪਰਕ ਢੰਗ ਨਾਲ ਗੁਰਿਆਈ ਧਾਰਨ ਕਰਨ ਤੋਂ ਨਾਂਹ ਕਰ ਦਿੱਤੀ। ਸੰਨ 1606 ਈ: ਵਿਚ ਗੁਰੂ ਹਰਗੋਬਿੰਦ ਸਾਹਿਬ

ਨੇ ਆਪਣੇ ਪਵਿੱਤਰ ਕਰ ਕਮਲਾਂ ਨਾਲ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ। ਇਸ ਦੀ ਉਸਾਰੀ ਵਿਚ ਕਿਸੇ ਮਿਸਤਰੀ ਜਾਂ ਮਜਦੂਰ ਦਾ ਸਹਿਯੋਗ ਨਹੀਂ ਲਿਆ ਗਿਆ। ਸਿੱਖ ਧਰਮ ਦੀਆਂ ਸਤਿਕਾਰਤ ਹਸਤੀਆਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੇ ਉਸਾਰੀ ਦੀ ਸੇਵਾ ਨਿਭਾਈ। ਇਸ ਤਰ੍ਹਾਂ ਇੱਕ ਚਬੂਤਰਾ ਤਿਆਰ ਹੋ ਗਿਆ ਤੇ ਉਸ ਉੱਪਰ ਤਖ਼ਤ ਲਗਾ ਕੇ ਗੁਰੂ ਸਾਹਿਬ ਨੇ ਗੁਰਗੱਦੀ ਧਾਰਨ ਕੀਤੀ ਅਤੇ ਪ੍ਰਚੱਲਤ ਰੀਤ ਅਨੁਸਾਰ ਸੇਲੀ ਟੋਪੀ ਪਹਿਨਣ ਦੀ ਥਾਂ ਸ਼ਾਹੀ ਕਲਗੀ ਵਾਲੀ ਦਸਤਾਰ ਧਾਰਨ ਕੀਤੀ ਅਤੇ ਦੋ ਤਲਵਾਰਾਂ -'ਇਕ ਮੀਰੀ ਦੀ ਤੇ ਦੂਜੀ ਪੀਰੀ ਦੀ' ਧਾਰਨ ਕੀਤੀਆਂ। ਭਾਈ ਵੀਰ ਸਿੰਘ ਦੁਆਰਾ ਸੰਪਾਦਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਰਤਾ ਭਾਈ ਸੰਤੋਖ ਸਿੰਘ ਅਨੁਸਾਰ ਗੁਰਗੱਦੀ ਧਾਰਨ ਕਰਕੇ ਗੁਰੂ ਜੀ ਨੇ ਸਭ ਤੋਂ ਪਹਿਲਾਂ ਸਿੱਖ ਸੰਗਤਾਂ ਦੇ ਨਾਂ ਹੁਕਮਨਾਮਾ ਜਾਰੀ ਕੀਤਾ ਕਿ ਜੋ ਗੁਰੂ ਦਾ ਸੱਚਾ ਸਿੱਖ ਹੈ ਉਹ ਚੰਗਾ ਘੋੜਾ ਅਤੇ ਚੰਗਾ ਹਥਿਆਰ ਲੈ ਕੇ ਹੀ ਗੁਰੂ ਦੀ ਹਜ਼ੂਰੀ ਵਿਚ ਪਹੁੰਚੇ। ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਸਿੱਖ ਸੰਗਤਾਂ ਹਥਿਆਰਬੰਦ ਹੋ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀਆਂ। ਛੇਤੀ ਹੀ ਹਥਿਆਰਬੰਦ ਸਿੱਖ ਫੋਜ਼ ਤਿਆਰ ਹੋ ਗਈ ਅਤੇ ਗੁਰੂ ਸਾਹਿਬ ਨੇ ਸਭ ਸਿੱਖ ਸੂਰਬੀਰਾਂ ਨੂੰ ਭਾਈ ਬਿਧੀ ਚੰਦ, ਪੈਂਦੇ ਖਾਂ, ਪਿਰਾਨਾ ਅਤੇ ਜੇਠਾ ਜੀ ਦੀ ਅਗਵਾਈ ਅਧੀਨ ਚਾਰ ਜਥਿਆਂ ਵਿਚ ਵੰਡ ਦਿੱਤਾ। ਸਿੱਖ ਸੰਗਤਾਂ ਦੇ ਨਿਯਮਤ ਰੂਪ ਵਿਚ ਦਰਬਾਰ ਲੱਗਣੇ ਸ਼ੁਰੂ ਹੋ ਗਏ ਅਤੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਰੋਜ਼ਾਨਾ ਸਿੱਖਾਂ ਦੀਆਂ ਕੁਸ਼ਤੀਆਂ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ। ਢਾਡੀ ਬੀਰ ਰਸ ਭਰਪੂਰ ਵਾਰਾਂ ਗਾਉਂਦੇ ਤੇ ਸਿੱਖਾਂ ਦੇ ਦਿਲ ਜ਼ੋਸ਼ ਨਾਲ ਭਰ ਜਾਂਦੇ ਸਨ।

ਅਕਾਲ ਤਖ਼ਤ ਦੇ ਸਾਹਮਣੇ ਝੁੱਲ ਰਹੇ ਦੋ ਕੇਸਰੀ ਨਿਸ਼ਾਨ ਮੀਰੀ ਅਤੇ ਪੀਰੀ ਦੀਆਂ ਸ਼ਕਤੀਆਂ ਦੇ ਪ੍ਰਤੀਕ ਸਨ। ਰੋਜ਼ਾਨਾ ਦਰਬਾਰ ਸਾਹਿਬ ਵਿਖੇ ਸ਼ਬਦ ਕੀਰਤਨ ਉਪਰੰਤ ਆਸਾ ਜੀ ਦੀ ਵਾਰ ਦਾ ਭੋਗ ਪਾਇਆ ਜਾਂਦਾ। ਬਾਅਦ ਵਿਚ ਅਕਾਲ ਤਖ਼ਤ ਸਾਹਿਬ ਦਰਬਾਰ ਲਗਾ ਕੇ ਗੁਰੂ ਸਾਹਿਬ ਸਿੱਖ ਸੰਗਤਾਂ ਦੇ ਆਪਸੀ ਝਗੜਿਆਂ ਨੂੰ ਸੁਣਦੇ ਅਤੇ ਨਿਬੇੜਦੇ। ਇੰਞ ਗੁਰੂ ਸਾਹਿਬ ਸਿੱਖ ਸੰਗਤਾਂ ਦੇ ਦਰਬਾਰਾਂ ਵਿਚ ਬਾਦਸ਼ਾਹਾਂ ਵਾਂਗ ਵਿਚਰਦੇ ਸਨ। ਇਨ੍ਹਾਂ ਦਰਬਾਰਾਂ ਵਿਚ ਦੂਸਰੇ ਦੇਸੀ ਰਾਜਿਆਂ ਦੇ ਪ੍ਰਤੀਨਿਧ ਵੀ ਪਹੁੰਚਦੇ ਸਨ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਸਾਹਿਬ ਤੱਕ ਇਕ ਸ਼ਾਤਮਈ ਦੌਰ ਗੁਜਰਦਾ ਹੈ ਅਤੇ ਗੁਰੂ ਹਰਗੋਬਿੰਦ ਸਾਹਿਬ ਦੇ ਗੁਰਗੱਦੀ ਧਾਰਨ ਕਰਨ ਨਾਲ ਇਕ ਨਵੇਂ ਯੁੱਗ ਦਾ ਆਗਾਜ਼ ਹੁੰਦਾ ਹੈ, ਇਕ ਨਵੀਂ ਸੋਚ, ਇਕ ਨਵਾਂ ਸੰਕਲਪ ਲੋਕਾਈ ਦੇ ਸਾਹਮਣੇ ਆਉਂਦਾ ਹੈ ਜਿਸ ਅਨੁਸਾਰ ਇਨਸਾਨੀ, ਇਖਲਾਕੀ ਅਤੇ ਜ਼ਿਹਨੀ

ਸੁਤੰਤਰਤਾ ਨੂੰ ਹਾਸਲ ਕਰਨ ਲਈ ਸ਼ਕਤੀ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਅਤੇ ਅਕਾਲ ਤਖ਼ਤ ਸਾਹਿਬ ਇਸ ਸੰਕਲਪ ਦਾ ਪ੍ਰਤੀਕ ਬਣ ਕੇ ਉਭਰਦਾ ਹੈ। ਅਕਾਲ ਤਖ਼ਤ ਸਾਹਿਬ ਦੇ ਸੰਬੰਧ ਵਿਚ ਇਕ ਹੋਰ ਗੱਲ ਵੀ ਵਿਚਾਰਨਯੋਗ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਦਰਬਾਰ ਸਾਹਿਬ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ਪਰ ਦਰਬਾਰ ਸਾਹਿਬ ਤੋਂ ਅਕਾਲ ਤਖ਼ਤ ਦਿਖਾਈ ਨਹੀਂ ਦਿੰਦਾ, ਜਿਸ ਤੋਂ ਭਾਵ ਹੈ ਕਿ ਅਕਾਲ ਤਖ਼ਤ ਸਿੱਖ ਰਾਜਨੀਤੀ ਦਾ ਕੇਂਦਰ ਹੁੰਦਿਆਂ ਧਰਮ ਪ੍ਰਾਇਣ ਕਾਰਜ ਲਈ ਵਚਨਬੱਧ ਹੈ। ਅਕਾਲ ਤਖ਼ਤ ਸਾਹਿਬ ਦਸ ਗੁਰੂ ਸਾਹਿਬਾਨ ਵਲੋਂ ਪ੍ਰਚਾਰੀ ਗਈ ਉਚੇਰੀ ਜੀਵਨ ਜਾਚ ਤੇ ਸਿੱਖ ਰਾਜਨੀਤੀ ਦੇ ਅਸਲੀ ਸਰੂਪ ਨੂੰ ਕਾਇਮ ਰੱਖਣ ਵਾਲੀ ਸਿੱਖ ਕੌਮ ਦੀ ਸਰਵਉੱਚ ਅਦਾਲਤ ਹੈ। ਭਾਵੇਂ ਅਕਾਲ ਤਖ਼ਤ ਮਤ ਦੀ ਸਮਕਾਲੀਨ ਰਾਜਨੀਤਿਕ ਮਾਮਲਿਆਂ ਵਿਚ ਕਦੇ ਵੀ ਦਖਲ ਅੰਦਾਜ਼ੀ ਨਹੀਂ ਰਹੀ, ਪਰ ਸਿੱਖ ਸੰਗਤ ਵਲੋਂ ਇਤਰਾਜ਼ਯੋਗ ਪਾਏ ਜਾਣ ਦੀ ਸੂਰਤ ਵਿਚ ਕਿਸੇ ਵੀ ਸਰਕਾਰੀ ਫੈਸਲੇ ਨੂੰ ਗੁਰਮਤਾ ਕਰਕੇ ਅਕਾਲ ਤਖ਼ਤ ਸਾਹਿਬ ਤੋਂ ਰੱਦ ਵੀ ਕੀਤਾ ਜਾ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਰਬੱਤ ਖਾਲਸੇ ਦੀ ਆਵਾਜ਼ ਹੈ ਤੇ ਸਮੁੱਚੀ ਸਿੱਖ ਕੌਮ ਦੇ ਨਾਂ ਜਾਰੀ ਹੋਣ ਤੋਂ ਬਾਅਦ ਗੁਰਮਤਾ ਹੁਕਮਨਾਮੇ ਦਾ ਰੂਪ ਧਾਰਨ ਕਰ ਲੈਂਦਾ ਹੈ, ਜਿਸ ਅੱਗੇ ਸਿਰ ਝੁਕਾਉਣਾ ਹਰ ਸਿੱਖ ਦਾ ਫ਼ਰਜ਼ ਹੈ। ਸ੍ਰੀ ਅਕਾਲ ਤਖ਼ਤ ਤੋਂ ਬਿਨਾਂ ਸਿੱਖ ਕੌਮ ਦੇ ਹੋਰ ਵੀ ਚਾਰ ਤਖ਼ਤ ਹਨ, ਪਰ ਇਨ੍ਹਾਂ ਤਖ਼ਤਾਂ ਵਿਚੋਂ ਕਿਸੇ ਵੀ ਤਖ਼ਤ ਤੋਂ ਸਮੁੱਚੀ ਕੌਮ ਦੇ ਨਾਂ ਕੋਈ ਹੁਕਮਨਾਮਾ ਜਾਰੀ ਨਹੀਂ ਹੋ ਸਕਦਾ। ਇਹ ਚਾਰੇ ਤਖ਼ਤ ਸਿੱਖ ਕੌਮ ਦੇ ਇਲਾਕਾਈ ਕੇਂਦਰ ਹਨ। ਇਨ੍ਹਾਂ ਤਖ਼ਤਾਂ ਤੋਂ ਜਾਰੀ ਹੋਏ ਹੁਕਮਨਾਮੇ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਵੀਕ੍ਰਿਤੀ ਲਾਜ਼ਮੀ ਹੈ।

ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨੇ ਸਿੱਖ ਕੌਮ ਦੀ ਰਾਜਨੀਤਿਕ ਚੇਤਨਤਾ ਦੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ "ਆਪਣੇ ਆਪ ਨੂੰ ਗੁਰੂ ਅਖਵਾਕੇ ਬਾਦਸ਼ਾਹਾਂ ਵਾਲੇ ਹੀ ਕੰਮ ਦਿਖਾਏ ਅਤੇ ਮਿੱਟੀ ਦੇ ਚਬੂਤਰੇ ਨੂੰ ਸੱਚਮੁੱਚ ਅਕਾਲ ਤਖ਼ਤ ਬਣਾ ਕੇ ਦਿਖਾ ਦਿੱਤਾ।"

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਾਜਨੀਤਿਕ ਸਰਵਉੱਚਤਾ ਦੀ ਵਰਤੋਂ ਗੁਰੂ ਸਾਹਿਬਾਨ ਦੇ ਸਮੇਂ ਪੂਰਨ ਰੂਪ ਵਿਚ ਸਾਹਮਣੇ ਨਹੀਂ ਆਉਂਦੀ, ਪਰ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਨੇ ਅਕਾਲ ਤਖ਼ਤ ਨੂੰ ਆਪਣੀ ਰਾਜਨੀਤਿਕ ਸਰਵਉਂਚਤਾ ਦਾ ਕੇਂਦਰੀ ਸਥਾਨ ਮੰਨ ਕੇ ਸ਼ਕਤੀਸ਼ਾਲੀ ਹਕੂਮਤ ਦਾ ਮੁਕਾਬਲਾ ਕੀਤਾ ਤੇ ਅਣਸੁਖਾਵੇਂ ਹਾਲਾਤਾਂ ਦੇ ਬਾਵਜੂਦ ਜਿੱਤ ਦੇ ਝੰਡੇ ਲਹਿਰਾਏ। 1723 ਈਸਵੀ ਵਿਚ ਭਾਈ ਮਨੀ ਸਿੰਘ ਨੇ ਤੱਤ ਖਾਲਸਾ ਅਤੇ ਬੰਦਈ ਖਾਲਸਾ ਦੀ ਏਕਤਾ ਕਰਵਾ ਕੇ ਸਰਬੱਤ

ਖਾਲਸਾ ਦੀ ਅਕਾਲ ਤਖ਼ਤ ਸਾਹਿਬ ਤੇ ਇੱਕਠੇ ਹੋਣ ਦੀ ਪ੍ਰਿਤ ਨੂੰ ਮੁੜ ਸ਼ੁਰੂ ਕੀਤਾ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ, ਪੰਜਾਬ ਵਿਚ ਪੰਥ ਦਾ ਕੋਈ ਵੀ ਆਗੂ ਨਾ ਹੋਣ ਕਾਰਨ, ਸਿੱਖ ਛੋਟੇ ਛੋਟੇ ਜੱਥਿਆਂ ਦੇ ਰੂਪ ਵਿਚ ਮਾਤਾ ਸੁੰਦਰੀ ਜੀ ਪਾਸ ਦਿੱਲੀ ਰਵਾਨਾ ਹੋ ਜਾਂਦੇ।

ਅਜਿਹੇ ਸਮੇਂ ਮਾਤਾ ਸੁੰਦਰੀ ਜੀ ਨੇ, ਭਾਈ ਮਨੀ ਸਿੰਘ ਨੂੰ ਸਿੱਖ ਸੰਗਤਾਂ ਦੇ ਇੱਕਠਾਂ ਦੀ ਅਗਵਾਈ ਲਈ ਪ੍ਰੇਰਿਆ। ਭਾਈ ਸਾਹਿਬ ਦੀਆਂ ਕੋਸ਼ਿਸ਼ਾਂ ਸਦਕਾ ਸਿੱਖ ਸੰਗਤਾਂ ਸਾਲ ਵਿਚ ਦੋ ਵਾਰੀ ਵਿਸਾਖੀ ਅਤੇ ਦੀਵਾਲੀ ਦੇ ਤਿਉਹਾਰਾਂ ਤੇ ਅਕਾਲ ਤਖ਼ਤ ਸਾਹਿਬ ਤੇ ਇੱਕਠੀਆਂ ਹੋਣ ਲੱਗੀਆਂ। ਸਰਬੱਤ ਖਾਲਸੇ ਵਲੋਂ ਰਾਜਨੀਤਿਕ ਸੇਧ ਲਈ, ਅਕਾਲ ਤਖ਼ਤ ਸਾਹਿਬ ਤੋਂ ਗੁਰਮਤੇ ਪਾਸ ਕਰਨ ਦੀ ਰੀਤ ਪ੍ਰਚਲਿਤ ਹੋਈ। ਭਾਈ ਮਨੀ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਸਿੱਖਾਂ ਦੇ ਕੌਮੀ ਪੱਧਰ ਦੇ ਫੈਸਲਿਆਂ ਨੂੰ ਗੁਰਮਤੇ ਦੇ ਰੂਪ ਵਿਚ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਾਗੂ ਕਰਨ ਦਾ ਨਿਯਮ ਬਣਿਆ ਅਤੇ ਸਰਬੱਤ ਖਾਲਸੇ ਨੇ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮਿਆਂ ਦੀ ਪੂਰਨ ਸ਼ਰਧਾ ਅਤੇ ਸਤਿਕਾਰ ਸਹਿਤ ਪਾਲਣ ਕੀਤੀ ਹੈ। ਇਥੋਂ ਜਾਰੀ ਹੋਏ ਹੁਕਮਨਾਮਿਆਂ ਨੂੰ ਮੰਨਣਾ ਹਰ ਸਿੱਖ ਦਾ ਫ਼ਰਜ਼ ਹੈ ਤੇ ਨਾ ਮੰਨਣ ਦੀ ਸੂਰਤ ਵਿਚ ਉਹ ਸਜ਼ਾ ਦਾ ਭਾਗੀਦਾਰ ਹੋਵੇਗਾ।

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਹਾਲਾਤ ਕੁਝ ਸੁਖਾਵੇਂ ਹੋਏ, ਤਾਂ ਭਾਈ ਮਨੀ ਸਿੰਘ ਨੂੰ ਸਿੱਖਾਂ ਦੇ ਖਿੰਡੇ ਪੁੰਡੇ ਜਥਿਆਂ ਨੂੰ ਆਪਣਾ ਸਾਂਝਾ ਨੇਤਾ ਚੁਣਨ ਦੀ ਤਜਵੀਜ਼ ਦਿੱਤੀ। ਸਰਬੱਤ ਖਾਲਸੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਮਤਾ ਕਰ ਕੇ ਭਾਈ ਕਪੂਰ ਸਿੰਘ ਫੈਜ਼ਲਪੁਰੀਏ ਨੂੰ 1733-34 ਵਿਚ ਆਪਣਾ ਨੇਤਾ ਚੁਣ ਲਿਆ।

ਨਵਾਬ ਕਪੂਰ ਸਿੰਘ ਦੀ ਲੀਡਰਸ਼ਿਪ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਹੋਣ ਵਾਲੇ ਸਰਬੱਤ ਖਾਲਸਾ ਸਮਾਗਮਾਂ ਦਾ ਨਵਾਂ ਦੌਰ ਅਰੰਭ ਹੁੰਦਾ ਹੈ। ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਭਾਈ ਮਨੀ ਸਿੰਘ ਦੇ ਸਮੇਂ ਵਿਚ ਹੋ ਚੁੱਕੀ ਸੀ ਅਤੇ ਸਮਕਾਲੀਨ ਹਕੂਮਤ ਇਨ੍ਹਾਂ ਦੇ ਮਹੱਤਵ ਤੋਂ ਭਲੀ-ਭਾਂਤ ਜਾਣੂ ਸੀ। ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਸਲਾਮ ਧਾਰਨ ਕਰਨ ਦੀ ਜਾਂ ਫਿਰ ਮੌਤ ਕਬੂਲ ਕਰਨ ਦੀ ਸਜਾ ਸੁਣਾਈ ਗਈ ।ਭਾਈ ਸਾਹਿਬ ਨੇ ਮੌਤ ਕਬੂਲ ਕੀਤੀ ਅਤੇ 1734 ਈ: ਵਿਚ ਮੁਗਲ ਹਕੂਮਤ ਨੇ ਭਾਈ ਸਾਹਿਬ ਦਾ ਬੰਦ-ਬੰਦ ਕਟਵਾ ਕੇ ਸ਼ਹੀਦ ਕਰ ਦਿੱਤਾ।

ਨਵਾਬ ਕਪੂਰ ਸਿੰਘ ਦੀ ਲੀਡਰਸ਼ਿਪ ਹੇਠ ਸਿੰਘਾਂ ਨੇ ਨਾਦਰਸ਼ਾਹ ਦੇ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਗੁਰੀਲਾ ਯੁੱਧ ਕੀਤੇ। ਅਜਿਹੀਆਂ ਸਾਹਸੀ ਕਾਰਵਾਈਆਂ ਦੀ ਪ੍ਰਸ਼ੰਸਾ ਕਰਦੇ ਹੋਏ ਨਾਦਰਸ਼ਾਹ ਨੇ ਜ਼ਕਰੀਆ ਖਾਨ ਨੂੰ ਕਿਹਾ ਸੀ ਕਿ "ਜਿਨ੍ਹਾਂ ਲੋਕਾਂ ਦਾ ਆਸਰਾ ਰੱਬ ਹੈ, ਉਹ ਕਿਸੇ ਸਮੇਂ ਵੀ ਜਿੱਤੇ ਨਹੀਂ ਜਾ ਸਕਦੇ। ਇਨ੍ਹਾਂ ਤੋਂ ਬਚ ਕੇ ਰਹੋ, ਇਕ ਦਿਨ ਇਹੀ ਲੋਕ ਇਸ ਧਰਤੀ ਦੇ ਹਾਕਮ ਬਣ ਜਾਣਗੇ।"

1745 ਈ: ਵਿਚ ਛੋਟਾ ਘੱਲੂਘਾਰਾ ਵਾਪਰਿਆ, ਹਜ਼ਾਰਾ ਸਿੰਘ ਸ਼ਹੀਦੀਆਂ ਪ੍ਰਾਪਤ ਕਰ ਗਏ। 1748 ਈ: ਦੀ ਵਿਸਾਖੀ ਤੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਹੋਏ ਸਰਬੱਤ ਖਾਲਸਾ ਦੇ ਇਕੱਠ ਅੱਗੇ ਨਵਾਬ ਕਪੂਰ ਸਿੰਘ ਨੇ ਆਪਣੀ ਥਾਂ ਕੋਈ ਨੌਜਵਾਨ ਲੀਡਰਸ਼ਿਪ ਅੱਗੇ ਲਿਆਉਣ ਦੀ ਇੱਛਾ ਪ੍ਰਗਟਾਈ। ਸਿੱਟੇ ਵਜੋਂ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਖਾਲਸੇ ਦਾ ਆਗੂ ਚੁਣਿਆ ਗਿਆ। ਉਨ੍ਹਾਂ ਨੇ ਸਮੁੱਚੇ ਖਾਲਸੇ ਦੀ ਚੰਗੀ ਸ਼ਕਤੀ ਨੂੰ 'ਦਲ ਖਾਲਸਾ' ਦੇ ਨਾਂ ਹੇਠ ਸੰਗਠਿਤ ਕੀਤਾ ਅਤੇ ਦਲ ਖਾਲਸੇ ਦੀਆਂ ਗਿਆਰਾਂ ਇਕਾਈਆਂ ਦੇ ਸੁਪਰੀਮ ਕਮਾਂਡਰ ਦੇ ਰੂਪ ਵਿਚ ਆਪਣੀ ਸੇਵਾ ਅਦਾ ਕਰਦੇ ਰਹੇ।

1764 ਈ: ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਬਖਸ਼ ਸਿੰਘ ਆਪਣੇ ਤੀਹ ਸਾਥੀ ਸਿੰਘਾਂ ਸਮੇਤ ਅਬਦਾਲੀ ਦੀਆਂ ਫੌਜਾਂ ਨਾਲ ਲੜਦੇ ਸ਼ਹੀਦੀ ਪ੍ਰਾਪਤ ਕਰ ਗਏ। ਮਹਾਰਾਜਾ ਰਣਜੀਤ ਸਿੰਘ ਨੇ ਜਥੇਦਾਰ ਫੂਲਾ ਸਿੰਘ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਦਿਆਂ ਅਕਾਲ ਤਖ਼ਤ ਉੱਪਰ ਕੋਰੜੇ ਖਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਹੋਰ ਮਜਬੂਤ ਕੀਤਾ।

1839 ਤੋਂ 1849 ਤੱਕ ਦੀ ਰਾਜਨੀਤਿਕ ਉਥਲ-ਪੁਥਲ ਦਾ ਸਿੱਟਾ ਸਿੱਖ ਰਾਜ ਦੇ ਖਾਤਮੇ ਵਿਚ ਨਿਕਲਿਆ। ਸਿੱਖ ਰਾਜ ਦੇ ਖਾਤਮੇ ਅਤੇ ਬ੍ਰਿਟਿਸ਼ ਪ੍ਰਸਾਸ਼ਨ ਦੀ ਸਥਾਪਤੀ ਨਾਲ ਬਿਲਕੁਲ ਵੱਖਰੇ ਯੁੱਗ ਦੀ ਸ਼ੁਰੂਆਤ ਹੋਈ। ਇਸ ਦਾ ਪੰਜਾਬੀ ਸਮਾਜ ਦੇ ਨਾਲ-ਨਾਲ ਸਿੱਖ ਸਮਾਜ ਤੇ ਵੀ ਗਹਿਰਾ ਪ੍ਰਭਾਵ ਪਿਆ। 1849 ਤੋਂ 1947 ਦੇ ਕਾਲ ਦੌਰਾਨ ਬ੍ਰਿਟਿਸ਼ ਪ੍ਰਸਾਸ਼ਨ ਦੀਆਂ ਸਿੱਖ ਨੀਤੀਆਂ ਵਿਚ ਇਕਸਾਰਤਾ ਨਹੀਂ ਰਹੀ।

1849 ਤੋਂ 1857 ਤੱਕ ਨੌਂ ਸਾਲ ਦੇ ਸਮੇਂ ਦੌਰਾਨ ਸਿੱਖ ਸ਼ਕਤੀ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਵਿਚ ਸਿੱਖਾਂ ਦੇ ਧਾਰਮਿਕ ਅਸਥਾਨ ਵੀ ਇਸ ਤੋਂ ਬਚ ਨਹੀਂ ਸਕੇ। 1857 ਦੇ ਗਦਰ ਦੌਰਾਨ ਸਿੱਖ ਸਰਦਾਰਾਂ ਅਤੇ ਸਿੱਖ ਜਨਤਾ ਨੇ ਅੰਗਰੇਜ਼ਾਂ ਦਾ ਭਰਵਾਂ ਸਾਥ ਦਿੱਤਾ ਤੇ ਇਸ ਨਾਲ ਅੰਗਰੇਜ਼ਾਂ ਦੀ ਨੀਤੀ ਸਿੱਖਾਂ ਪ੍ਰਤੀ ਬਦਲ ਗਈ।

1870 ਵਿਚ ਸਿੰਘ ਸਭਾ ਲਹਿਰ ਨੇ ਸਿੱਖਾਂ ਵਿਚ ਧਾਰਮਿਕ, ਰਾਜਨੀਤਿਕ ਅਤੇ ਸਾਹਿਤਕ ਸੁਧਾਰ ਲਿਆਉਣ ਦੇ ਯਤਨ ਅਰੰਭੇ ਪਰ ਇਹ ਲਹਿਰ ਵੀ ਛੇਤੀ ਹੀ ਫੁੱਟ ਦਾ ਸ਼ਿਕਾਰ ਹੋ ਗਈ ਅਤੇ ਇਸ ਲਹਿਰ ਦੇ ਨੁੰਮਾਇੰਦਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁਆਰਥੀ ਹਿੱਤਾਂ ਦੀ ਬਲੀ ਚੜ੍ਹਾ ਦਿੱਤਾ।

1920-21 ਵਿਚ ਚਲੀ ਅਕਾਲੀ ਲਹਿਰ ਦੇ ਸਿੱਟੇ ਵਜੋਂ 1925 ਈ: ਵਿਚ ਗੁਰਦੁਆਰਾ ਐਕਟ ਹੋਂਦ ਵਿਚ ਆਇਆ। ਇਸ ਦੇ ਅਧੀਨ ਉਸ ਸਮੇਂ ਦੇ ਪੰਜਾਬ ਦੇ ਸਾਰੇ ਗੁਰਦੁਆਰੇ ਆ ਗਏ ਤੇ ਸਿੱਖਾਂ ਦੀਆਂ ਵੋਟਾਂ ਨਾਲ ਚੁਣੀ ਹੋਈ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਚਲਾਉਣ ਲੱਗੀ।

ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਧਰਮ ਅਤੇ ਰਾਜਨੀਤਿਕ ਪ੍ਰਭੂਸਤਾ ਦੇ ਵੱਖ-ਵੱਖ ਰੂਪ ਵਿਚ ਪ੍ਰਤੀਕ ਹਨ। ਸ੍ਰੀ ਹਰਮਿੰਦਰ ਸਾਹਿਬ ਤੋਂ ਕਥਾ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਧਾਰਮਿਕ ਅਤੇ ਰਾਜਨੀਤਿਕ ਭਾਸ਼ਣਾਂ ਦੀ ਮਨਾਹੀ ਹੈ। ਅਕਾਲ ਤਖ਼ਤ ਸਾਹਿਬ ਤੇ ਸਿੱਖ ਕੌਮ ਦੀ ਸੁਤੰਤਰ ਹਸਤੀ ਨਾਲ ਸੰਬੰਧਤ ਹਰ ਕਿਸਮ ਦੇ ਝਗੜੇ ਵਿਚਾਰੇ ਜਾਂਦੇ ਹਨ ਅਤੇ ਦੋਸ਼ੀਆਂ ਨੂੰ ਸਜਾਵਾਂ ਵੀ ਦਿੱਤੀਆਂ ਜਾਂਦੀਆਂ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਪਾਰਲੀਮੈਂਟ ਦੇ ਰੂਪ ਵਿਚ ਸਿੱਖ ਕੌਮ ਦੀ ਵਿਲੱਖਣਤਾ ਤੇ ਮਾਣ ਮਰਯਾਦਾ ਨੂੰ ਕਾਇਮ ਰੱਖਣ ਲਈ ਪ੍ਰਭਾਵਸ਼ਾਲੀ ਰੋਲ ਅਦਾ ਕਰ ਰਿਹਾ ਹੈ।

## ਸਰਬਤ ਖਾਲਸਾ

ਸਰਬੱਤ ਖਾਲਸਾ ਸਮੁੱਚੀ ਸਿੱਖ ਕੌਮ ਦੇ ਇਕੱਠ ਦਾ ਸੂਚਕ ਹੈ ਜਿਹੜਾ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਸਰਬੱਤ+ਖਾਲਸਾ। ਜਿਸ ਦਾ ਭਾਵ ਹੈ ਕਿ ਖਾਲਸਾ ਸਮੂਹ ਰੂਪ ਵਿੱਚ। ਖ਼ਾਲਸਾ ਮੂਲ ਰੂਪ ਵਿੱਚ ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਉਹ ਜ਼ਮੀਨ ਜਾਂ ਮਿਲਖ ਜਿਹੜੀ ਸਿੱਧੀ ਬਾਦਸ਼ਾਹ ਦੇ ਪ੍ਰਬੰਧ ਅਧੀਨ ਹੋਵੇ। ਜਿਸ ਉਪਰ ਉਸ ਦੇ ਨਿੱਜੀ ਕਰਿੰਦੇ ਕੰਮ ਕਰਨ। ਖਾਲਸਾ ਦਾ ਅਰਥ ਪਵਿੱਤਰ, ਮਿਲਾਵਟ ਤੋਂ ਰਹਿਤ ਅਥਵਾ ਖਾਲਸ ਤੋਂ ਵੀ ਹੈ। ਦਸਮ ਪਾਤਸ਼ਾਹ ਵੱਲੋਂ ਜਿਸ ਕੌਮ ਦੀ ਸਿਰਜਣਾ ਕੀਤੀ ਗਈ ਉਸ ਨੂੰ ਖਾਲਸਾ ਦਾ ਨਾਂ ਦਿੱਤਾ ਗਿਆ ਅਥਵਾ ਗੁਰੂ ਪਾਤਸ਼ਾਹ ਵਲੋਂ ਖਾਲਸੇ ਦੀ ਸਾਜਨਾ ਕਰਕੇ ਅਜਿਹੇ ਪਵਿੱਤਰ ਵਿਅਕਤੀਆਂ ਦਾ ਸਮੂਹ ਤਿਆਰ ਕੀਤਾ ਗਿਆ, ਜਿਹੜਾ ਆਪ ਨੂੰ ਸੱਚੇ ਪਾਤਸ਼ਾਹ ਵਾਹਿਗੁਰੂ ਦੇ ਅਧੀਨ ਰਖੇ। ਇਥੇ ਇਹ ਧਿਆਨ ਰਹੇ ਕਿ ਖਾਲਸਾ ਕੇਵਲ ਅੰਮ੍ਰਿਤਧਾਰੀ ਸਿੰਘ ਦਾ ਹੀ ਸੂਚਕ ਹੈ। ਇਤਿਹਾਸਕ ਹਵਾਲਿਆਂ ਤੋਂ ਵੀ ਇਹ ਗੱਲ ਭਲੀ-ਭਾਂਤ ਸਪਸ਼ਟ ਹੈ ਕਿ ਅੰਮ੍ਰਿਤਧਾਰੀ ਸਿੰਘਾਂ ਦਾ ਉਹ ਸਮੂਹ ਜਿਹੜਾ ਸਾਲ ਵਿੱਚ ਦੋ ਵਾਰ ਵੈਸਾਖੀ ਅਤੇ ਦੀਵਾਲੀ ਸਮੇਂ ਇਕੱਠਾ ਹੁੰਦਾ ਸੀ ਉਸ ਨੂੰ ਸਰਬੱਤ ਖਾਲਸਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਸੀ। ਦੀਵਾਲੀ ਜਾਂ ਵੈਸਾਖੀ ਤੋਂ ਬਿਨਾ ਵਿਸ਼ੇਸ਼ ਕੌਮੀ ਸਮੱਸਿਆ ਦੇ ਸਮਾਧਾਨ ਜਾਂ ਕੌਮ ਪ੍ਰਤੀ ਕਿਸੇ ਅੰਦਰਲੇ ਜਾਂ ਬਾਹਰਲੇ ਖਤਰੇ ਸਮੇਂ ਵੀ ਸਰਬੱਤ ਖਾਲਸਾ ਦਾ ਇਕੱਠ ਅਕਾਲ ਤਖਤ ਉਪਰ ਜਾਂ ਲੋੜ ਅਨੁਸਾਰ ਕਿਸੇ ਵਿਸ਼ੇਸ਼ ਅਸਥਾਨ ਉਪਰ ਬੁਲਾਇਆ ਜਾਂਦਾ ਸੀ। ਸਰਬੱਤ ਖਾਲਸਾ ਦੀ ਪਰੰਪਰਾ ਮਿਸਲਾਂ ਦੇ ਸਮੇਂ ਆਰੰਭ ਹੋਈ ਮੰਨੀ ਜਾਂਦੀ ਹੈ। ਜਦੋਂ ਸਿੱਖ ਵੱਖ-ਵੱਖ ਧੜਿਆਂ ਵਿੱਚ ਤਾਕਤ ਫੜਨ ਲੱਗੇ ਤਾਂ ਇਨ੍ਹਾਂ ਸਾਰਿਆਂ ਨੂੰ ਇੱਕ ਲੜੀ ਵਿੱਚ ਪਰੋਣ ਅਤੇ ਸਮੁੱਚੀ ਕੌਮ ਦੀ ਭਲਾਈ ਲਈ ਜ਼ਰੂਰੀ ਸੀ ਕਿ ਕੋਈ ਵਿਸ਼ੇਸ਼ ਜੁਗਤਿ ਤਿਆਰ ਕੀਤੀ ਜਾਵੇ। ਇਹ ਜੁਗਤਿ ਹੀ ਸਰਬੱਤ ਖਾਲਸਾ ਸੀ ਅਤੇ ਇਸ ਜੁਗਤਿ ਦੀ ਪੂਰਤੀ ਲਈ ਸਿੱਖ ਆਮ ਕਰਕੇ ਅੰਮ੍ਰਿਤਸਰ ਜੋ ਸਿੱਖਾਂ ਦਾ ਕੇਂਦਰੀ ਧਾਰਮਿਕ ਅਤੇ ਰਾਜਨੀਤਿਕ ਕੇਂਦਰ ਬਣ ਗਿਆ ਸੀ ਵਿਖੇ ਸਾਲ ਵਿੱਚ ਦੋ ਵਾਰ ਇਕੱਠੇ ਹੁੰਦੇ ਸਨ। ਲੋੜ ਪੈਣ ਤੇ ਜਾਂ ਵਿਸ਼ੇਸ਼ ਮੌਕਿਆਂ ਤੇ ਸਾਰੇ ਮੁਖੀ ਸਰਦਾਰਾਂ ਨੂੰ ਸੱਦਾ ਪੱਤਰ ਭੇਜ ਕੇ ਵਿਸ਼ੇਸ਼ ਸਰਬੱਤ ਖਾਲਸਾ ਕਰ ਲਿਆ ਜਾਂਦਾ ਸੀ। ਇਤਿਹਾਸਕ ਤੌਰ ਤੇ ਪਹਿਲਾ ਸਰਬੱਤ ਖਾਲਸਾ ਇਕੱਠ 1726 ਨੂੰ ਉਚੇਚੇ ਤੌਰ ਤੇ ਬੁਲਾਇਆ ਗਿਆ ਸੀ। ਪੰਥ ਦਾ ਇਹ

ਇਕੱਠ ਸਃ ਤਾਰਾ ਸਿੰਘ ਦੇ ਕਤਲ ਦਾ ਬਦਲਾ ਲੈਣ ਲਈ ਸਾਰੇ ਪੰਥਕ ਮੁਖੀਆਂ ਨੂੰ ਗੁਰਮਤਾ ਕਰਕੇ ਸਰਕਾਰੀ ਖਜ਼ਾਨੇ ਤੇ ਅਸਲੇ ਖਾਨੇ ਲੁੱਟਣ ਤੇ ਅਫ਼ਸਰਾਂ ਨੂੰ ਸਜ਼ਾਵਾਂ ਦੇਣ ਦੇ ਆਸ਼ੇ ਨਾਲ ਸਦਿਆ ਗਿਆ ਸੀ। ਦੂਜਾ ਸਰਬੱਤ ਖਾਲਸਾ 29 ਮਾਰਚ, 1748 ਦੀ ਵੈਸਾਖੀ ਨੂੰ ਅਕਾਲ ਤਖਤ ਦੇ ਸਾਹਮਣੇ ਬੁਲਾਇਆ ਗਿਆ ਸੀ। ਇਸ ਵਿੱਚ ਨਵਾਬ ਕਪੂਰ ਸਿੰਘ ਵੱਲੋਂ ਰਖੇ ਗਏ ਗੁਰਮਤੇ ਨੂੰ ਸਰਬਤ ਖਾਲਸਾ ਵੱਲੋਂ ਪ੍ਰਵਾਨਗੀ ਦੇ ਕੇ ਸਃ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖਾਲਸਾ ਦੇ ਮੁਖੀ ਵਜੋਂ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਪਿਛੋਂ ਵਿਸ਼ੇਸ਼ ਇਤਿਹਾਸਕ ਮਹੱਤਵ ਵਾਲੇ ਸਰਬੱਤ ਖਾਲਸਾ ਇਕੱਠ 1762, 1765, 1776, 1789 ਅਤੇ 1805 ਵਿਸ਼ੇਸ਼ ਸਮੱਸਿਆਵਾਂ ਵਿਚਾਰਨ ਲਈ ਹੋਏ। ਬੈਰਨ ਹੂਗਲ 1762 ਦੇ ਸਰਬੱਤ ਖਾਲਸਾ ਨੂੰ ਹੀ ਪਹਿਲਾ ਮਹਾਨ ਸਰਬੱਤ ਖਾਲਸਾ ਦਸਦਾ ਹੈ। ਹੂਗਲ ਅਨੁਸਾਰ ਸਿੱਖ ਪੰਥ ਵਲੋ ਇਹ ਸਰਬਤ ਖਾਲਸਾ ਅਹਿਮਦ ਸ਼ਾਹ ਅਬਦਾਲੀ ਦੇ ਨਾਇਬ ਖਵਾਜਾ ਉਬੇਦ ਨੂੰ ਪੰਜਾਬ ਵਿੱਚੋਂ ਭਜਾ ਦੇਣ ਉਪਰੰਤ ਖੁਸ਼ੀ ਅਤੇ ਚਾਅ ਸਾਂਝਾ ਕਰਨ ਲਈ ਬੁਲਾਇਆ ਗਿਆ ਸੀ। ਗੁਰਮਤੇ ਤੋਂ ਪਿਛੋਂ ਸਾਰੇ ਸਿੱਖ ਅੰਮ੍ਰਿਤਸਰ ਸਰੋਵਰ ਵਿੱਚ ਇਸ਼ਨਾਨ ਕਰਦੇ ਅਤੇ ਗੁਰਮਤਾ ਦੀਆਂ ਸਾਰੀਆਂ ਮਰਯਾਦਾਵਾਂ ਨੂੰ ਨਿਭਾਉਂਦੇ। ਸਿੱਖ ਸਰਦਾਰਾਂ ਵੱਲੋਂ ਸਰਬੱਤ ਖਾਲਸਾ ਅਕਾਲ ਤਖਤ ਉਪਰ ਹੀ ਬੁਲਾਇਆ ਜਾਂਦਾ ਸੀ। ਜੌਹਨ ਮੈਲਕਾਮ ਅਨੁਸਾਰ ਜਦੋਂ ਸਿੱਖ ਸਰਦਾਰ ਸਰਬੱਤ ਖਾਲਸਾ ਇਕੱਠ ਵਿੱਚ ਸ਼ਾਮਲ ਹੋਣ ਲਈ ਆਉਂਦੇ ਤਾਂ ਉਹ ਆਪਣੇ ਸਾਰੇ ਨਿੱਜੀ ਗਿਲੇ ਸ਼ਿਕਵੇ ਮਿਟਾ ਕੇ ਨਿਰੋਲ ਕੌਮੀ ਪਿਆਰ ਦੀ ਭਾਵਨਾ ਨਾਲ ਆਉਂਦੇ ਸਨ। ਸਰਬੱਤ ਖਾਲਸਾ ਵਿੱਚ ਸ਼ਾਮਲ ਹੋਣ ਵਾਲੇ, ਧਰਮ ਦੇਸ਼ ਤੇ ਕੌਮ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਵਾਸਤੇ ਆਪਣਾ ਸਭ ਕੁਝ ਕੁਰਬਾਨ ਕਰਨ ਵਾਸਤੇ ਤਿਆਰ ਬਰ ਤਿਆਰ ਰਹਿੰਦੇ ਸਨ ਕਿਉਂਕਿ ਹਰੇਕ ਸਿੱਖ ਖਾਲਸਾ ਪੰਥ ਨੂੰ ਗੁਰੂ ਸਮਝਦਾ ਸੀ ਤੇ ਸਰਬੱਤ ਖਾਲਸਾ ਦੇ ਹੁਕਮ ਨੂੰ ਉਹ ਰੱਬੀ ਹੁਕਮ ਸਵੀਕਾਰਦਾ ਸੀ। ਸਰਬੱਤ ਖਾਲਸੇ ਵੱਲੋਂ ਪਾਸ ਕੀਤੇ ਗਏ ਮਤੇ ਨੂੰ ਹੀ ਗੁਰਮਤਾ ਕਿਹਾ ਜਾਂਦਾ ਸੀ।

ਸਰਬੱਤ ਖਾਲਸਾ ਇਕੱਠ ਕਰਨ ਤੋਂ ਪਹਿਲਾਂ ਵੱਖ-ਵੱਖ ਸਿੱਖ ਜਰਨੈਲ ਅਤੇ ਧਾਰਮਿਕ ਆਗੂ ਅਥਵਾ ਪੰਜ ਪਿਆਰੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਉਪਰੰਤ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦੇ ਸਨ। ਸਰਬੱਤ ਖਾਲਸਾ ਗੁਰੂ ਗ੍ਰੰਥ ਸਾਹਿਬ, ਪੰਜ ਪਿਆਰਿਆਂ ਅਤੇ ਅਕਾਲ ਤਖਤ ਸਾਹਿਬ ਦੇ

ਜਥੇਦਾਰ ਦੀ ਹਾਜ਼ਰੀ ਵਿੱਚ ਹੀ ਹੋ ਸਕਦਾ ਹੈ ਅਤੇ ਇਸ ਸਮੇਂ ਪਾਸ ਕੀਤੇ ਗਏ ਗੁਰਮਤੇ ਨੂੰ ਸਾਰੇ ਸਿੱਖਾਂ ਵਾਸਤੇ ਪ੍ਰਵਾਨ ਕਰਨਾ ਲਾਜ਼ਮੀ ਸੀ। ਇਸ ਗੁਰਮਤੇ ਉਪਰ ਅਮਲ ਨਾ ਕਰਨ ਵਾਲਾ ਤਨਖਾਹੀਆ ਗਰਦਾਨਿਆ ਜਾਂਦਾ ਸੀ। ਸਰਬੱਤ ਖਾਲਸਾ ਵਿੱਚ ਹਰ ਧੜੇ ਜਾਂ ਵਿਚਾਰਧਾਰਾ ਵਾਲੇ ਸਿੱਖ ਸ਼ਾਮਲ ਸਨ ਤੇ ਹਰ ਪ੍ਰਕਾਰ ਦੇ ਵਾਦ-ਵਿਵਾਦ ਵਿੱਚ ਆਪਣੀ ਰਾਇ ਦੇ ਸਕਦੇ ਸਨ। ਪਰ ਅੰਤਮ ਫ਼ੈਸਲਾ ਕਰਨ ਸਮੇਂ ਜੇਕਰ ਵੋਟਾ ਪਾਉਣ ਦੀ ਲੋੜ ਪਵੇ ਤਾਂ ਇਹ ਅਧਿਕਾਰ ਅੰਮ੍ਰਿਤਧਾਰੀ ਸਿੰਘਾਂ ਨੂੰ ਪ੍ਰਾਪਤ ਸੀ ਤੇ ਹੈ। ਸਰਬੱਤ ਖਾਲਸਾ ਪਹਿਲਾਂ ਪਹਿਲ ਤਾਂ ਸ਼ਾਇਦ ਸਿੱਖ ਮਿਸਲਾਂ ਦੇ ਸਰਦਾਰਾਂ ਵੱਲੋਂ ਸਮੁੱਚੀ ਕੌਮ ਦੀ ਕਿਸੇ ਸਾਂਝੀ ਸਮੱਸਿਆ ਸਮੇਂ ਬੁਲਾਇਆ ਜਾਂਦਾ ਰਿਹਾ ਹੋਵੇ ਪਰ ਹੁਣ ਬਹੁਤ ਸਮੇਂ ਤੋਂ ਸਰਬੱਤ ਖਾਲਸਾ ਬੁਲਾਉਣ ਦਾ ਅਧਿਕਾਰ ਕੇਵਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਹੀ ਪ੍ਰਾਪਤ ਹੈ। ਕੁਝ ਵਿਸ਼ੇਸ਼ ਹਾਲਤਾ ਵਿੱਚ ਲੋੜ ਪੈਣ ਤੇ ਬਾਕੀ ਚਾਰਾਂ ਤਖਤਾਂ (ਕੇਸਗੜ੍ਹ ਸਾਹਿਬ, ਦਮਦਮਾ ਸਾਹਿਬ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ) ਦੇ ਜਥੇਦਾਰ ਜਾਂ ਉਨ੍ਹਾਂ ਵਿੱਚੋਂ ਕੋਈ ਇੱਕ ਜਥੇਦਾਰ ਵੀ ਸਰਬੱਤ ਖਾਲਸਾ ਬੁਲਾ ਸਕਦਾ ਹੈ ਪਰ ਉਸ ਪ੍ਰਕਾਰ ਦੇ ਸਰਬੱਤ ਖਾਲਸਾ ਇਕੱਠ ਅਤੇ ਉਸ ਵਿੱਚ ਪ੍ਰਵਾਨ ਕੀਤੇ ਗੁਰਮਤਿਆਂ ਲਈ ਅਕਾਲ ਤਖਤ ਦੇ ਜਥੇਦਾਰ ਦੀ ਸੰਮਤੀ ਹੋਣੀ ਜ਼ਰੂਰੀ ਹੈ।

ਸਿੱਖ ਮਿਸਲਾਂ ਸਮੇਂ ਵੀ ਸਰਬੱਤ ਖਾਲਸਾ ਰਾਹੀਂ ਪਾਸ ਕੀਤੇ ਗਏ ਗੁਰਮਤਿਆਂ ਸਦਕਾ ਦਲ ਖਾਲਸਾ ਦੀ ਮਹਾਨਤਾ ਵਧ ਗਈ ਸੀ ਪਰ ਇਸ ਦਾ ਭਾਵ ਇਹ ਨਹੀਂ ਸੀ ਕਿ ਮਿਸਲਾਂ ਦੇ ਸਰਦਾਰਾਂ ਦੀ ਇਹ ਕੋਈ ਸਾਂਝੀ ਸਰਕਾਰ ਸਥਾਪਤ ਹੋ ਗਈ ਸੀ। ਦਲ ਖਾਲਸਾ ਦਾ ਕਿਸੇ ਮਿਸਲ ਦੇ ਸਰਦਾਰ ਉਪਰ ਕੋਈ ਰਾਜਨੀਤਿਕ ਅਧਿਕਾਰ ਨਹੀਂ ਸੀ ਤੇ ਨਾ ਹੀ ਹਰੇਕ ਇਕੱਠ ਵਿੱਚ ਹਰੇਕ ਸਰਦਾਰ ਦੀ ਹਾਜ਼ਰੀ ਜ਼ਰੂਰੀ ਸੀ। ਇਹ ਤਾਂ ਸਾਰੇ ਸਰਦਾਰ ਆਪਣੀ ਕੌਮ ਦੀ ਭਲਾਈ ਲਈ ਕੀਤਾ ਜਾਣ ਵਾਲਾ ਵਿਸ਼ੇਸ਼ ਤੇ ਪਵਿੱਤਰ ਕਾਰਜ ਸਮਝਦੇ ਸਨ। ਅਕਾਲ ਤਖਤ ਉਪਰ ਪਾਸ ਕੀਤੇ ਗਏ ਗੁਰਮਤੇ ਜ਼ਬਰੀ ਕਿਸੇ ਉਪਰ ਠੋਸੇ ਨਹੀਂ ਸਨ ਜਾਂਦੇ ਸਗੋਂ ਉਹ ਸਾਰੇ ਹੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਾਸ ਕੀਤੇ ਇਨ੍ਹਾਂ ਮਤਿਆਂ ਨੂੰ ਕਿਸੇ ਫੌਜੀ ਹੁਕਮ ਤੋਂ ਵਧੇਰੇ ਪਵਿੱਤਰ ਤੇ ਜ਼ਰੂਰੀ ਮੰਨਦੇ ਸਨ। ਇਤਿਹਾਸ ਵਿੱਚ ਇੱਕ ਐਸਾ ਮੌਕਾ ਨਹੀਂ ਮਿਲਦਾ ਜਦੋਂ ਕਿਸੇ ਸਰਦਾਰ ਵੱਲੋਂ ਗੁਰਮਤੇ ਨੂੰ ਸਵੀਕਾਰ ਨਾ ਕੀਤਾ ਗਿਆ ਹੋਵੇ ਕਿਉਂਕਿ ਸਾਰੇ ਹੀ ਇਸ ਗੁਰਮਤੇ ਨੂੰ ਗੁਰੂ ਦਾ ਹੁਕਮ ਜਾਣ ਕੇ ਪ੍ਰਵਾਨ ਕਰਦੇ ਸਨ।

ਹਾਂ ਇੱਕ ਗੱਲ ਸਪਸ਼ਟ ਹੈ ਕਿ ਕਈ ਵਾਰ ਕਿਸੇ ਮਿਸਲ ਦੇ ਸਰਦਾਰ ਸਾਹਮਣੇ ਉਸ ਦੀ ਮਿਸਲ ਦੀ ਕੋਈ ਐਸੀ ਸਮੱਸਿਆ ਆ ਜਾਂਦੀ ਸੀ, ਜਿਸ ਨੂੰ ਅਕਾਲ ਤਖਤ ਉਪਰ ਸਰਬੱਤ ਖਾਲਸੇ ਦੇ ਦਰਬਾਰ ਵਿੱਚ ਲੈ ਜਾਣਾ ਸੰਭਵ ਨਹੀਂ ਸੀ ਹੁੰਦਾ ਤਾਂ ਉਹ ਸਰਦਾਰ ਆਪਣੀ ਮਿਸਲ ਦੇ ਪ੍ਰਮੁੱਖ ਜਾਂ ਸਮੱਸਿਆ ਨਾਲ ਸੰਬੰਧਿਤ ਸਾਰੇ ਸਿੱਖਾਂ ਨੂੰ ਬੁਲਾ ਕੇ ਸਥਾਨਕ ਮੀਟਿੰਗਾਂ ਵਿੱਚ ਹੀ ਉਸ ਦਾ ਸਮਾਧਾਨ ਕਰ ਲਿਆ ਕਰਦਾ ਸੀ ਜਾਂ ਫੇਰ ਕਈ ਵਾਰ ਇਨ੍ਹਾਂ ਮਿਸਲਾਂ ਦੇ ਦੂਜੀਆਂ ਮਿਸਲਾਂ ਨਾਲ ਸੰਬੰਧਾਂ ਬਾਰੇ ਵਿਚਾਰ ਚਰਚਾ ਕਰਨ ਲਈ ਮਿਸਲ ਦੇ ਮੁਖੀ ਆਪਣੀ ਮਿਸਲ ਦੇ ਪ੍ਰਮੁੱਖ ਸਰਦਾਰਾਂ ਨਾਲ ਸਲਾਹ ਮਸ਼ਵਰਾ ਕਰਨ ਲਈ ਸਥਾਨਕ ਸਿੱਖਾਂ ਦੇ ਇਕੱਠ ਵਿੱਚ ਗੁਰਮਤਾ ਕਰਾਇਆ ਕਰਦੇ ਸਨ। ਅਜਿਹਾ ਕਰਨ ਸਮੇਂ ਮੁਖੀ ਸਰਦਾਰ ਇਕੱਲਾ ਕੋਈ ਫ਼ੈਸਲਾ ਨਹੀਂ ਸੀ ਕਰਿਆ ਕਰਦਾ। ਸਗੋਂ ਮਰਯਾਦਾ ਅਨੁਸਾਰ ਸੰਬੰਧਿਤ ਸਿੱਖਾਂ ਨੂੰ ਬੁਲਾ ਕੇ ਅਰਦਾਸ ਕਰਕੇ ਹੁਕਮਨਾਮਾ ਲੈ ਕੇ ਹੀ ਮਤਾ ਪਾਸ ਕਰਿਆ ਕਰਦੇ ਸਨ ਅਜੇਹੇ ਮਤੇ ਵੀ ਖਾਲਸੇ ਵੱਲੋਂ ਹੀ ਪਾਸ ਕੀਤੇ ਜਾਂਦੇ ਸਨ। ਪਰ ਇਨ੍ਹਾਂ ਨੂੰ ਸਰਬੱਤ ਖਾਲਸਾ ਵਰਗਾ ਸਤਿਕਾਰ ਪ੍ਰਾਪਤ ਨਹੀਂ ਸੀ।

ਸਮੁੱਚੇ ਤੌਰ ਤੇ ਕੋਈ ਵੀ ਸਮੱਸਿਆ ਬੇਸ਼ਕ ਉਹ ਸਮੁੱਚੀ ਕੌਮ ਦੀ ਹੋਵੇ ਜਾਂ ਕਿਸੇ ਵਿਸ਼ੇਸ਼ ਮਿਸਲ ਦੀ, ਉਸ ਦਾ ਹੱਲ ਸਰਬੱਤ ਖਾਲਸਾ ਜੀ ਵੱਲੋਂ ਹੀ ਕੀਤਾ ਜਾਂਦਾ ਸੀ। ਪੋਲੀਅਰ ਦੇ ਸ਼ਬਦਾ ਵਿੱਚ ਸਾਰੇ ਸਰਦਾਰ ਗਰੀਬ ਜਾਂ ਅਮੀਰ ਗੁਰਮਤੇ ਕਰਨ ਸਮੇਂ ਅੰਮ੍ਰਿਤਸਰ ਲਾਹੌਰ ਜਾਂ ਕਿਸੇ ਵੀ ਥਾਂ ਕਿਉਂ ਨਾ ਹੋਣ ਸ਼ਾਮਲ ਹੁੰਦੇ ਸਨ। ਇਸ ਤਰ੍ਹਾਂ ਖਾਲਸਾ ਇਕੱਠ ਜਾਂ ਸਰਬੱਤ ਖਾਲਸਾ ਇਕੱਠ ਵਿੱਚ ਕੌਮ ਦੇ ਹਰ ਪ੍ਰਕਾਰ ਦੇ ਮਸਲੇ ਵਿਚਾਰੇ ਜਾਂਦੇ ਸਨ ਭਾਵੇਂ ਉਹ ਰਾਜਨੀਤਿਕ, ਧਾਰਮਿਕ ਜਾਂ ਸਮਾਜਿਕ ਕਿਸੇ ਵੀ ਪ੍ਰਕਾਰ ਦੇ ਕਿਉਂ ਨਾ ਹੋਣ। ਸਹੀ ਅਰਥਾਂ ਵਿੱਚ ਇਹ ਲੋਕਰਾਜੀ ਪਰੰਪਰਾ ਸੀ। ਬਾਹਰੋਂ ਬੇਸ਼ਕ ਸਰਕਾਰੀ ਦਿੱਸਦੀ ਸੀ ਪਰ ਅੰਦਰੋਂ ਇਹ ਲੋਕਰਾਜੀ ਸੀ।

ਸਿੱਖ ਧਰਮ ਵਿੱਚ ਸਰਬੱਤ ਖਾਲਸਾ ਦੀ ਪਰੰਪਰਾ ਬਹੁਤ ਪਵਿੱਤਰ ਤੇ ਬਹੁਤ ਮਹਾਨਤਾ ਵਾਲੀ ਪਰੰਪਰਾ ਹੈ। ਬਲਿਊ ਸਟਾਰ ਤੋਂ ਪਿਛੋਂ ਕੁਝ ਧੜਿਆਂ ਨੇ ਇਸ ਪਵਿੱਤਰ ਪਰੰਪਰਾ ਦੀ ਉਲੰਘਣਾ ਕੀਤੀ। ਅਜੇਹੇ ਇਕੱਠਾਂ ਵਿੱਚ ਕੁਝ ਖਾਸ ਰਾਜਨੀਤਿਕ ਦਲਾਂ ਜਾਂ ਧੜਿਆਂ ਨੂੰ ਹੀ ਬੁਲਾਇਆ ਜਾਂਦਾ ਹੈ, ਜਿਹੜੇ ਸਰਬੱਤ ਖਾਲਸਾ ਬੁਲਾਉਣ ਵਾਲਿਆਂ ਦੇ ਜੀ ਹਜੂਰੀਏ ਹੋਣ। ਇਸ ਤਰ੍ਹਾਂ ਕਰਨ ਨਾਲ ਸਮੁੱਚੀ ਕੌਮ ਦੀ ਮਾਣ ਮਰਯਾਦਾ ਵੀ ਘਟਦੀ ਹੈ ਤੇ ਸਰਬੱਤ ਖਾਲਸਾ ਦੀ ਪਵਿੱਤਰਤਾ ਵੀ ਕਲੰਕਤ ਹੁੰਦੀ ਹੈ।